Baisakhi of the Khalsa Panth

Dr. Preetam Singh, Q.C.

Hemkunt

First Published 1999
Reprinted 2000, 2003

ISBN 81-7010-327-4

Published by :

Hemkunt Publishers (P) Ltd.

A-78 Naraina Industrial Area Phase-I, New Delhi-110 028
Ph.: 2579-2083, 2579-5079, 2579-0032 Fax: 91-11-2611-3705
E-mail : hemkunt@ndf.vsnl.net.in
Website : www.hemkuntpublishers.com

Printed at India International Press, A-12/1, Naraina Industrial Area, Ph-I, New Delhi-28



CONTENTS

ਇਕ ਪਰਿਚੈ - ਸਰਦਾਰ ਪ੍ਰੀਤਮ ਸਿੰਘ ਜੀ

ਪ੍ਰੱਤਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ । ਇਸੇ ਤਰ੍ਹਾਂ ਸ: ਪ੍ਰੀਤਮ ਸਿੰਘ ਕਿਸੇ ਜਾਣ ਪਛਾਣ ਦੇ ਮੁਹਤਾਜ ਨਹੀਂ। ਖੁਦਨੁਮਾਈ ਕਰਨਾ ਤੇ ਖੁਸ਼ਾਮਦ ਕਰਵਾਉਣਾ ਉਨ੍ਹਾਂ ਦੀ ਹਰ ਪੱਖੋਂ ਭਰਪੂਰ ਸ਼ਖ਼ਸੀਅਤ ਨਾਲ ਮੇਲ ਨਹੀਂ ਖਾਂਦੀਆਂ। ਉਹ ਜ਼ੌਕ ਤੇ ਸ਼ੌਕ ਵਾਲੇ ਪ੍ਰਤਿਭਾਵਾਨ ਵਿਅਕਤੀ ਹਨ । ਉਨ੍ਹਾਂ ਦੀ ਸ਼ਖ਼ਸੀਅਤ ਵਿਚ ਖੁਸ਼ਮਜਾਜ਼ੀ, ਸੁਹਿਰਦਤਾ, ਮਿਲਣਸਾਰੀ, ਦਯਾ, ਹਮਦਰਦੀ ਤੇ ਕਰੁਣਾ ਭਰੀ ਤਰਕਸ਼ੀਲਤਾ, ਦਲੀਲ ਦੀ ਪਰਬੀਨਤਾ, ਪਾਰਦਰਸ਼ੀ ਸੂਝ ਬੂਝ, ਦੂਰਦਰਸ਼ਤਾ ਤੇ ਵਿਗਿਆਨਕ ਸੋਚ ਵਰਗੇ ਦਿਮਾਗੀ ਗੁਣਾਂ ਦਾ ਵਿਲੱਖਣ ਸੁਮੇਲ ਹੈ । ਆਪਣੇ ਪ੍ਰੌਫੈਸ਼ਨਲ ਜੀਵਨ ਵਿਚ, ਪੱਛਮ ਦੇ ਪਦਾਰਥਵਾਦੀ ਵਾਤਾਵਰਨ ਵਿਚ ਰਹਿ ਕੇ ਵੀ ਉਨ੍ਹਾਂ ਨੇ ਕਈ ਉਨ੍ਹਾਂ ਲੋੜਵੰਦਾਂ ਦੇ ਕੇਸਾਂ ਦੀ ਮੁਫ਼ਤ ਪੈਰਵੀ ਕੀਤੀ ਹੈ ਜਿਨ੍ਹਾਂ ਦੇ ਨਾਲ ਬੇਇਨਸਾਫੀ ਹੋ ਰਹੀ ਸੀ । ਆਪਣੀ ਦਲੀਲ ਤੇ ਪੂਰੀ ਦਰਿੜ੍ਹਤਾ ਨਾਲ ਪਹਿਰਾ ਦੇਣ ਦੇ ਬਾਵਜੂਦ ਲੋੜਵੰਦਾਂ ਵਾਸਤੇ ਉਨ੍ਹਾਂ ਦਾ ਦਿਲ ਹਮਦਰਦੀ ਨਾਲ ਭਰਿਆ ਹੋਇਆ ਹੈ । ਅਜਿਹੇ ਸੰਤੁਲਤ ਵਿਅਕਤਿਤਵ ਬਾਰੇ ਕੁਝ ਕਹਿਣਾ ਜਾਂ ਲਿਖਣਾ ਇਕ ਔਖੀ ਚਣੌਤੀ ਤਾਂ ਹੁੰਦੀ ਹੀ ਹੈ ਪਰ ਲਿਖਣ ਵਾਲੇ ਲਈ ਗੌਰਵ ਤੇ ਵਡਿਆਈ ਦੀ ਗੱਲ ਵੀ ਹੈ ।

ਸ. ਪ੍ਰੀਤਮ ਸਿੰਘ ਦੀ ਦੁਨਿਆਵੀ ਸਫਲਤਾ ਤੇ ਪ੍ਰਾਪਤੀ ਦੀ ਗਲ ਛੋਹਣ ਤੋਂ ਪਹਿਲਾਂ ਉਨ੍ਹਾਂ ਦੇ ਪਰਵਾਰਿਕ ਵਿਰਸੇ ਬਾਰੇ ਗੱਲ ਕਰਨੀ ਜ਼ਰੂਰੀ ਹੈ । ਪ੍ਰੀਤਮ ਸਿੰਘ ਦੇ ਪਿਤਾ (ਸ: ਵਰਿਯਾਮ ਸਿੰਘ) ਫੌਰਮਨ ਕ੍ਰਿਸਚਨ ਕਾਲਜ ਲਾਹੌਰ ਦੇ ਗ੍ਰੈਜੁਏਟ ਸਨ । ਪਹਿਲੇ ਵਿਸ਼ਵ ਯੁੱਧ ਦੇ ਅੰਤ 'ਤੇ ਕੀਨੀਆ ਕੋਲੋਨੀ ਵਿਚ ਰੁਜ਼ਗਾਰ ਦੇ ਚੰਗੇ ਮੌਕੇ ਪੈਦਾ ਹੋ ਗਏ ਸਨ, ਇਸ ਲਈ ਨਵੇਂ ਮੁਲਕ ਵਿਚ ਨਵੀਂ ਜ਼ਿੰਦਗੀ ਸ਼ੁਰੂ ਕਰਨ ਦੀ ਖ਼ਾਤਰ ਉਨ੍ਹਾਂ ਦੇ ਪਿਤਾ ਪੰਜਾਂ ਵਰ੍ਹਿਆਂ ਦੇ ਆਪਣੇ ਇਕਲੌਤੇ ਪੁੱਤਰ ਨੂੰ ਆਪਣੇ ਨਾਲ ਹੀ ਈਸਟ ਅਫ਼ਰੀਕਾ ਲੈ ਗਏ । ਇਸ ਤੋਂ ਬਾਅਦ ਅੱਜ ਤੱਕ ਦੇ ਸੱਤ ਦਹਾਕੇ ਸ. ਪ੍ਰੀਤਮ ਸਿੰਘ ਦੇ ਪਰਵਾਸੀ ਜੀਵਨ ਦੀ ਪ੍ਰੇਰਨਾ ਭਰੀ ਕਹਾਣੀ ਹੈ । ਆਪਣੇ ਪਰਵਾਰਕ ਤੇ ਧਾਰਮਕ ਵਿਰਸੇ ਦੇ ਗੌਰਵ ਦੀ ਚੇਤਨਾ ਨੇ ਸ: ਪ੍ਰੀਤਮ ਸਿੰਘ ਨੂੰ ਹੱਕ ਅਤੇ ਸੱਚ ਦੇ ਰਾਹ 'ਤੇ ਪਕਿਆਈ ਅਤੇ ਲਗਨ ਨਾਲ ਤੁਰਨ ਦੀ ਜੀਵਨ ਜਾਚ ਦਿੱਤੀ ਤੇ ਉਹ ਆਪਣੇ ਜੀਵਨ ਵਿਚ ਇਕ ਗਾਥਾ ਹੀ ਬਣ ਗਏ ਹਨ ।

ਇੰਜ ਲਗਦਾ ਹੈ, ਕਿ ਉਨ੍ਹਾਂ ਦੀ ਬਚਪਨ ਵਿਚ ਪੜ੍ਹਨ ਵਲ ਵਿਸ਼ੇਸ਼ ਰੁਚੀ ਨਹੀਂ ਸੀ, ਪਰ ਉਨ੍ਹਾਂ ਦੇ ਪਿਤਾ ਜੀ ਸਕੂਲ ਮਾਸਟਰ ਸਨ, ਇਸ ਲਈ ਘਰ ਵਿਚ ਮਿਲਦੀ ਹੱਲਾਸ਼ੇਰੀ ਸਦਕਾ ਉਨ੍ਹਾਂ ਨੇ ਲੰਡਨ ਯੂਨੀਵਰਸਿਟੀ ਤੋਂ ਮੈਟਰਿਕਕ ਅਤੇ ਸੀਨੀਅਰ ਕੈਮਬਰਿਜ ਦੇ ਇਮਤਹਾਨ ਪਾਸ ਕਰ ਲਏ । ਉਸ ਸਮੇਂ ਈਸਟ ਅਫ਼ਰੀਕਾ ਵਿਚ ਉਚੇਰੀ ਵਿਦਿਆ ਦੀ ਇਹ ਸੀਮਾ ਸੀ । ਕਾਲਜ ਦੀ ਪੜ੍ਹਾਈ ਵਾਸਤੇ ਇੰਡੀਆ ਜਾਂ ਵਲੈਤ ਜਾਣਾ ਪੈਣਾ ਸੀ । ਪ੍ਰੀਤਮ ਸਿੰਘ ਹੋਰਾਂ ਦੇ ਪਿਤਾ ਚਾਹੁੰਦੇ ਸਨ ਕਿ ਉਨ੍ਹਾਂ ਦਾ ਲੜਕਾ ਡਿਗਰੀ ਲਵੇ, ਪਰ ਉਨ੍ਹਾਂ ਦਾ ਇਹ ਸੁਪਨਾ ੧੯੪੬ ਵਿਚ ਹੀ ਸਾਕਾਰ ਹੋ ਸਕਿਆ । ਉਸ ਵਰ੍ਹੇ ਵਲੈਤ ਜਾਣ ਦੀ ਖੁਲ੍ਹ ਹੋਣ ਤੇ ਪ੍ਰੀਤਮ ਸਿੰਘ ਨੂੰ ਵਲੈਤ ਭੇਜ ਦਿੱਤਾ ਗਿਆ । ਉਥੇ ਲੰਡਨ ਯੂਨੀਵਰਸਿਟੀ ਵਿਚ ਡਿਗਰੀ ਤੇ ਗ੍ਰੇਜ਼ ਇੰਨ ਵਿਚ ਦਾਖਲਾ ਲੈਕੇ ਇਨਜ਼ ਆਫ ਕੋਰਟ ਸਕੂਲ ਔਫ-ਲਾ ਰਾਹੀਂ ਬਾਰ ਦੀ ਪੜ੍ਹਾਈ ਦਾ ਸਿਲਸਿਲਾ ਸ਼ੁਰੂ ਹੋਇਆ । ਅਖੀਰ ਬੈਰਿਸਟਰ ਬਣ ਗਏ ।

ਘਰੋਂ ਤੁਰਦਿਆਂ ਨੂੰ ਪ੍ਰੀਤਮ ਸਿੰਘ ਦੀ ਮਾਤਾਜੀ ਨੇ ਇਕ ਰੇਸ਼ਮੀ ਰੁਮਾਲਾ ਦਿੱਤਾ ਸੀ ਤੇ ਆਖਿਆ ਸੀ ਕਿ ਲੰਦਨ ਪਹੁੰਚ ਕੇ ਇਹ ਮਹਾਰਾਜ ਦੇ ਹਜ਼ੂਰ ਪੇਸ਼ ਕਰਨਾ । ਪਹੁੰਚਣ ਤੋਂ ਅਗਲੇ ਦਿਨ ਐਤਵਾਰ ਸੀ, ਸੋ ਪ੍ਰੀਤਮ ਸਿੰਘ ਸਵੇਰੇ ਹੀ ਸਿੰਕਲੇਅਰ ਰੋਡ ਦੇ ਗੁਰਦੁਆਰਾ ਸਾਹਿਬ ਪਹੁੰਚ ਗਏ । ਕਈ ਵਾਰ ਘੰਟੀ ਖੜਕਾਈ ਪਰ ਕਿਸੇ ਨੇ ਦਰਵਾਜ਼ਾ ਨਾ ਖੋਲ੍ਹਿਆ । ਆਂਢੀਆਂ ਗੁਵਾਂਢੀਆਂ ਨੂੰ ਪੁੱਛਿਆ, ਉਹ

ਕਹਿਣ ਲੱਗੇ ਕਿ ਕੋਈ ੨ ਤਿੰਨ ਮਹੀਨਿਆਂ ਪਿਛੋਂ ਤੇਰੇ ਵਰਗੇ ਲੋਕ ਪਤਾ ਨਹੀਂ ਕਿਥੋਂ ਆਉਂਦੇ ਹਨ, ਦੋ ਕੁ ਦਿਨ ਖਾਸਾ ਰੌਲਾ ਰੱਪਾ ਪਾਕੇ ਫੇਰ ਚਲੇ ਜਾਂਦੇ ਹਨ । ਉਸ ਤੋਂ ਪਿਛੋਂ ਬਿਲਕੁਲ ਸ਼ਾਂਤੀ ਹੋ ਜਾਂਦੀ ਹੈ । ਪ੍ਰੀਤਮ ਸਿੰਘ ਸਮਝ ਗਏ ਕਿ ਇਹ ਲੋਕ ਗੁਰਪੁਰਬ ਦੇ ਇਕੱਠ ਦੀ ਗੱਲ ਕਰਦੇ ਹਨ, ਪਰ ਸੋਚਿਆ ਕਿ ਕੋਈ ਗ੍ਰੰਥੀ ਜਾਂ ਦੇਖ ਰੇਖ ਵਾਲਾ ਤਾਂ ਜ਼ਰੂਰ ਹੋਵੇਗਾ । ਸਾਹਮਣੇ ਵਾਲੇ ਘਰ ਦੇ ਬਾਗ ਦੀ ਛੋਟੀ ਕੰਧ ਤੇ ਬੈਠਕੇ ਦੇਖਦੇ ਰਹੇ । ਕੋਈ ਪੰਜਕੁ ਘੰਟਿਆਂ ਬਾਦ, ਇਕ ਸਿੰਘ ਆਇਆ ਤੇ ਸਿੱਧਾ ਹੀ ਬੇਸਮੈਂਟ ਵਿਚ ਜਾ ਵੜਿਆ । ਪ੍ਰੀਤਮ ਸਿੰਘ ਵੀ ਕਾਹਲੀ ਕਾਹਲੀ ਉਸਦੇ ਮਗਰੇ ਹੀ ਬੇਸਮੈਂਟ ਵਿਚ ਚਲੇ ਗਏ ਤੇ "ਸਰਦਾਰ ਜੀ", "ਸਰਦਾਰ ਜੀ" ਦੀਆਂ ਆਵਾਜ਼ਾਂ ਮਾਰੀਆਂ । ਕੋਈ ਨਾ ਬੋਲਿਆ । ਬੜੀ ਹੈਰਾਨੀ ਹੋਈ, ਕਿ ਦੇਖਦਿਆਂ ਦੇਖਦਿਆਂ, ਬੰਦਾ ਕਿੱਥੇ ਅਲੋਪ ਹੋ ਗਿਆ । ਉਪਰ ਤਾਂਈਂ ਸਾਰਾ ਘਰ ਫਿਰ ਲਿਆ ਪਰ ਸਿੰਘ ਕਿਤੇ ਨਾ ਦਿਸਿਆ । ਪਰੇਸ਼ਾਨ ਹੋ ਕੇ ਪ੍ਰੀਤਮ ਸਿੰਘ ਫਿਰ ਬਾਹਰ ਆ ਕੇ ਬੈਠ ਗਏ । ਵਲਾ ! ਕੋਈ ਅੱਧੇ ਘੰਟੇ ਬਾਦ ਉਹ ਸਿੰਘ ਜੀ ਬੇਸਮੈਂਟ ਤੋਂ ਬਾਹਰ ਨਿਕਲੇ, ਤਾਂ ਪ੍ਰੀਤਮ ਸਿੰਘ ਨੇ ਜਾ ਘੇਰੇ । ਉਨ੍ਹਾਂ ਦੱਸਿਆ ਕਿ ਉਹ ਸਕੱਤਰ ਹਨ ਪਰ ਗ੍ਰੰਥੀ ਕੋਈ ਨਹੀਂ ਹੈ । ਜਦੋਂ ਕੋਈ ਗੁਰਪੁਰਬ ਮਨੌਣਾ ਹੁੰਦਾ ਹੈ ਤਾਂ ਸੰਗਤਾਂ ਨੂੰ ਸੁਨੇਹੇ ਭੇਜ ਕੇ ਇੱਕਠੇ ਕਰ ਲਈਦਾ ਹੈ । ਪ੍ਰੀਤਮ ਸਿੰਘ ਨੇ ਕਿਹਾ ਕਿ ਮੈਂ ਇਕ ਮਹੀਨੇ ਦਾ ਜਹਾਜ਼ੀ ਸਫ਼ਰ ਕਰਕੇ ਈਸਟ ਅਫਰੀਕਾ ਤੋਂ ਕਲ ਹੀ ਆਇਆ ਹਾਂ ਅਤੇ ਗੁਰੂ ਸਾਹਿਬ ਦੇ ਦਰਸ਼ਨ ਕਰਨੇ ਚਾਹੁੰਦਾ ਹਾਂ ਨਾਲੇ ਬਾਬਾ ਜੀ ਦੇ ਹਜ਼ੂਰ ਰੁਮਾਲੇ ਦੀ ਵੀ ਭੇਟ ਕਰਨੀ ਹੈ । ਸਕੱਤਰ ਸਾਹਿਬ ਨੇ ਆਖਿਆ ਕਿ ਮਹਾਰਾਜ ਦਾ ਪ੍ਰਕਾਸ਼ ਤਾਂ ਗੁਰਪੁਰਬਾਂ ਨੂੰ ਹੀ ਹੁੰਦਾ ਹੈ, ਰੁਮਾਲੇ ਤੁਸੀਂ ਮੈਨੂੰ ਦੇ ਜਾਉ । ਬੜੀ ਨਿਰਾਸਤਾ ਦਾ ਮੁਕਾਮ ਹੋ ਗਿਆ । ਅਖੀਰ ਸਕੱਤਰ ਸਾਹਿਬ ਅੰਦਰ ਲੈ ਗਏ ਤੇ ਜਿੰਦਰਾ ਲੱਗੇ ਵਾਲੀ ਇਕ ਅਲਮਾਰੀ ਦਿਖਾ ਦਿੱਤੀ ਤੇ ਆਖਿਆ ਕਿ ਇਸ ਵਿਚ ਗੁਰੂ ਬਾਬੇ ਦਾ ਬਿਸਰਾਮ ਕੀਤਾ ਹੋਇਆ ਹੈ । ਰੁਮਾਲਾ ਤੇ ਪੌਂਡ ਸਕੱਤਰ ਨੇ ਸੰਭਾਲ ਲਏ ।

ਅਗਲੇ ਦਿਨ ਤੋਂ ਪ੍ਰੀਤਮ ਸਿੰਘ ਦੀ ਪੜ੍ਹਾਈ ਦਾ ਸਿਲਸਿਲਾ ਸ਼ੁਰੂ ਹੋ ਗਿਆ । ਪਰ ਉਨ੍ਹਾਂ ਨੇ ਤਹੱਈਆ ਕਰ ਲਿਆ ਕਿ ਹਰ ਐਤਵਾਰ ਨੂੰ ਗੁਰਦੁਆਰਾ ਸਾਹਿਬ ਸੰਗਤ ਇਕੱਠੀ ਕਰਕੇ ਜੋੜ ਮੇਲ ਜ਼ਰੂਰ ਕਰਿਆ ਕਰਨਾ ਚਾਹੀਦਾ ਹੈ । ਸੋ ਪੜ੍ਹਾਈ ਕਰਦਿਆਂ ਹੋਇਆਂ ਤੇ ਵਿਚੇ ਗੁਰਸਿੱਖਾਂ ਦੀ ਭਾਲ ਕਰਦਿਆਂ ਹਫ਼ਤੇ ਤਾਂ ਭਾਵੇਂ ਕਈ ਲੰਘ ਗਏ ਪਰ ਇਸ ਦੌੜ ਭੱਜ ਦਾ ਨਤੀਜਾ ਇਹ ਹੋਇਆ ਕਿ ੮ ਸਿੰਘ ਤੇ ਇਕ ਸਿੰਘਣੀ ਹਰ ਐਤਵਾਰ ਨੂੰ ਗੁਰਦੁਆਰਾ ਸਾਹਿਬ ਆਉਣ ਲਗ ਪਏ । ਚੰਗੇ ਭਾਗਾਂ ਨੂੰ ਇਕ ਸਿੰਘ ਨੂੰ ਵਾਜਾ ਵਜਾਉਣਾ ਵੀ ਆਉਂਦਾ ਸੀ । ਸੋ, ਸਿੱਧੇ ਸਿੱਧੇ ਸ਼ਬਦਾਂ ਦਾ ਕੀਰਤਨ ਵੀ ਹੋਣ ਲਗ ਗਿਆ । ਥੋੜ੍ਹੇ ਹੀ ਸਮੇਂ ਬਾਦ ਮਲੇਸ਼ੀਆ ਤੋਂ ਆਏ ਵਿਦਿਆਰਥੀਆਂ ਦਾ ਇਕ ਗਰੁੱਪ ਪ੍ਰੀਤਮ ਸਿੰਘ ਨੂੰ ਮਿਲ ਪਿਆ, ਜਿਨ੍ਹਾਂ ਵਿਚ ੬-੭ ਸਿੱਖ ਮੁੰਡੇ ਸਨ । ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਆਉਣ ਨੂੰ ਕਿਹਾ, ਤਾਂ ਉਹ ਸਾਰੇ ਹੀ ਸਿੱਖ ਨੌਜਵਾਨ ਖੁਸ਼ੀ ਨਾਲ ਸੰਗਤ ਵਿਚ ਆਉਣ ਲਗ ਪਏ । ਇਨ੍ਹੀਂ ਦਿਨੀਂ ਪ੍ਰੀਤਮ ਸਿੰਘ ਦੀ ਇਮਪੀਰੀਅਲ ਕੌਲੇਜ ਵਿਚ ਪੜ੍ਹਦੇ ਇਕ ਸਿੰਘ ਨਾਲ ਜਾਣ ਪਛਾਣ ਹੋ ਗਈ । ਉਸ ਸਿੰਘ ਨੇ ਸਿਵਿਲ ਮੈਰੇਜ ਤਾਂ ਕਰ ਲਈ ਸੀ, ਪਰ ਜਿਨਾਂ ਚਿਰ ਉਸਦਾ ਅਨੰਦ ਕਾਰਜ ਨਹੀਂ ਸੀ ਹੁੰਦਾ, ਉਸਦੇ ਮਨ ਨੂੰ ਸ਼ਾਂਤੀ ਨਹੀਂ ਸੀ ਆਉਂਦੀ । ਪ੍ਰੀਤਮ ਸਿੰਘ ਤੇ ਉਸਦੇ ਸਾਥੀਆਂ ਨੇ ਮਿਲਕੇ ਉਸ ਜੋੜੇ ਦਾ ਅਨੰਦ ਕਾਰਜ ਵੀ ਕਰ ਦਿੱਤਾ । ਲੜਾਈ ਦਾ ਮਾਹੌਲ ਖਤਮ ਹੋ ਗਿਆ ਸੀ, ਹੌਲੀ ਹੌਲੀ ਸਿੱਖਾਂ ਦੀ ਆਬਾਦੀ ਵੀ ਵਧਣੀ ਸ਼ੁਰੂ ਹੋ ਗਈ, ਤੇ ਸੰਗਤ ਦੀ ਹਾਜ਼ਰੀ ਤੇ ਰੌਣਕ ਵਿਚ ਵੀ ਵਾਧਾ ਹੋ ਗਿਆ ।

ਆਲਡਵਿਚ ਵਿਚ ਇੰਡੀਆ ਹਾਊਸ ਦੀ ਸੋਹਣੀ ਇਮਾਰਤ ਦੇਖ ਕੇ ਕਦੇ ਕਦੇ ਪ੍ਰੀਤਮ ਸਿੰਘ ਦਾ ਜੀ ਉਸਦੇ ਅੰਦਰ ਜਾਣ ਨੂੰ ਕਰਦਾ ਸੀ, ਪਰ ਉਥੋਂ ਦੇ ਦਰਬਾਨ ਕਿਸੇ ਹਿੰਦੁਸਤਾਨੀ ਨੂੰ ਅੰਦਰ ਦਾਖ਼ਲ

ਨਹੀਂ ਹੋਣ ਦਿੰਦੇ ਸਨ । ਇਹ ਗਲ ਹੋਰ ਵੀ ਚੁਭਦੀ ਸੀ ਜਦੋਂ ਉਹ ਇਸ ਤਰ੍ਹਾਂ ਮਖੌਲ ਕਰਕੇ ਭਾਰੀ ਖੁਸ਼ੀ ਦਾ ਇਜ਼ਹਾਰ ਵੀ ਕਰਦੇ ਸਨ । ਚੰਗੀ ਕਿਸਮਤ ਨੂੰ ੧੯੪੭ ਵਿਚ ਭਾਰਤ ਅਜ਼ਾਦ ਹੋ ਗਿਆ, ਅਤੇ ਕ੍ਰਿਸ਼ਨਾ ਮੈਨਨ ਪਹਿਲਾ ਹਾਈ ਕਮਿਸ਼ਨਰ ਬਣਾਇਆ ਗਿਆ । ਉਹ ਵਿਦਿਆਰਥੀਆਂ ਦੇ ਬੜਾ ਹੱਕ ਵਿਚ ਸੀ । ਮੌਜ ਲਗ ਗਈ । ਇੰਡੀਆ ਹਾਊਸ ਦੇ ਸਿਰਫ਼ ਦਰਵਾਜ਼ੇ ਹੀ ਨਾ ਖੁਲ੍ਹ ਗਏ, ਇਨ੍ਹਾਂ ਨੂੰ ਮਾਣ ਨਾਲ ਹਰ ਇਕ ਸਮਾਗਮ ਵਿਚ ਪੂਰਾ ਹਿੱਸਾ ਲੈਣ ਦਾ ਸੁਭਾਗ ਵੀ ਮਿਲ ਗਿਆ । ਇਸ ਸਮੇਂ ਵਿਚ ਪ੍ਰੀਤਮ ਸਿੰਘ ਨੂੰ ਬੀ ਬੀ ਸੀ ਤੋਂ ਚਲ ਰਹੇ ਹਿੰਦੁਸਤਾਨੀ ਦੇ ਰੇਡੀਓ ਪ੍ਰੋਗਰਾਮਾਂ ਵਿਚ ਭਾਗ ਲੈਣ ਦਾ ਸੱਦਾ ਵੀ ਆ ਗਿਆ, ਜਿਸਦਾ ਉਨ੍ਹਾਂ ਨੇ ਪੂਰਾ ਲਾਭ ਉਠਾਇਆ । ਇਕ ਬੰਗਾਲੀ ਡਾਇਰੈਕਟਰ ਦੇ ਉਦਮ ਨਾਲ, ਲੈਸਟਰ ਸਕੁਏਅਰ ਦੇ ਅਰਵਿੰਗ ਥੀਏਟਰ ਵਿਚ ਹਿੰਦੁਸਤਾਨੀ ਡਰਾਮੇ ਭੀ ਹੋਣੇ ਸ਼ੁਰੂ ਹੋ ਗਏ, ਤਾਂ ਪ੍ਰੀਤਮ ਸਿੰਘ ਜੀ ਵੀ ਐਕਟਰਾਂ ਵਿਚ ਜਾ ਰਲੇ । ਕੁਝ ਦਿਨ ਤਾਂ ਐਕਟਿੰਗ ਹੁੰਦੀ ਰਹੀ, ਪਰ ਇਕ ਦਿਨ ਐਕਟਰਜ਼ ਐਕੁਇਟੀ ਨੇ ਰੌਲਾ ਪਾ ਦਿੱਤਾ ਕਿ ਨੌਨ-ਮੈਂਬਰ ਐਕਟਿੰਗ ਨਹੀਂ ਕਰ ਸਕਦੇ, ਸੋ ਸ਼ੋ ਬੰਦ ਹੋ ਗਏ । ਦੌੜ ਭੱਜ ਕਰਕੇ ਪ੍ਰੋਡਿਊਸਰ ਨੇ ਮੈਂਬਰਸ਼ਿਪ ਲੈ ਕੇ ਦਿੱਤੀ ਤਾਂ ਜਾ ਕੇ ਸ਼ੋ ਮੁੜ ਚਾਲੂ ਹੋਏ ।

ਈਲਿੰਗ ਸਟੂਡੀਓ ਵਾਲਿਆਂ ਨੇ ਫਿਲਮਿੰਗ ਸ਼ੁਰੂ ਕੀਤੀ ਤਾਂ ਪਲਾਂਟਰਜ਼ ਵਾਈਫ਼ ਅਤੇ ਵਾਈਟ ਬਲੱਡ ਦੋ ਫਿਲਮਾਂ ਵਿਚ ਪ੍ਰੀਤਮ ਸਿੰਘ ਨੂੰ ਵੀ ਸ਼ਾਮਲ ਕੀਤਾ ਗਿਆ । ਜੈਕ ਹਾਕਿਨਜ਼, ਕਲੌਡਿਟ ਕੌਰਬੈਟ, ਟੋਨੀ ਸਟੀਲ ਅਤੇ ਰਾਮਗੁਪਾਲ ਨਾਲ ਉਨ੍ਹਾਂ ਦੀ ਦੋਸਤੀ ਆਖਰ ਤਾਂਈ ਰਹੀ । ਕਈ ਸਾਲ ਓਹ ਬੀ ਬੀ ਸੀ ਦੀ ਐਡਵਾਈਜ਼ਰੀ ਕਮੇਟੀ ਦੇ ਮੈਂਬਰ ਵੀ ਰਹੇ । ਏਸ਼ੀਅਨ ਪ੍ਰੋਗਰਾਮਿੰਗ ਵਿਚ ਇੰਡੀਅਨ ਕਲਚਰੱਲ ਮੈਟੀਰੀਅਲ ਨੂੰ ਖ਼ਾਸ ਮਹੱਤਤਾ ਦੇਣ ਵਿਚ ਇਨ੍ਹਾਂ ਦਾ ਵੱਡਾ ਹੱਥ ਸੀ । ਆਈ ਟੀ ਵੀ ਤੋਂ ਵੀ ਸਿੱਖ ਧਰਮ ਨੂੰ ਪਰਸਾਰਤ ਕਰਨ ਵਾਲੇ ਕਈ ਪ੍ਰੋਗਰਾਮ ਪ੍ਰੀਤਮ ਸਿੰਘ ਦੇ ਅਸਰ ਰਸੂਖ਼ ਨਾਲ ਚਾਲੂ ਹੋਏ । ਅੱਜ ਕਲ ਭਾਂਵੇਂ ਇਹ ਗੱਲਾਂ ਆਮ ਹੋ ਗਈਆਂ ਹਨ ਪਰ ਉਨ੍ਹਾਂ ਦਿਨਾਂ ਵਿਚ ਇਹ ਗੱਲ ਵਿਲੱਖਣਤਾ ਭਰਪੂਰ ਸੀ ।

ਇੰਗਲੈਂਡ ਆਉਂਦਿਆਂ ਹੀ, ਪ੍ਰੀਤਮ ਸਿੰਘ ਨੇ ਲੇਬਰ ਪਾਰਟੀ ਦੀ ਮੈਂਬਰੀ ਲੈ ਲਈ । ਹੌਲੀ ਹੌਲੀ ਚੰਗਾ ਅਸਰ ਰਸੂਖ਼ ਬਣ ਗਿਆ । ਉਸ ਸਮੇਂ ਸਿੱਖ ਬੜੇ ਹੀ ਥੋੜ੍ਹੇ ਸਨ । ਆਪਣੇ ਇਲਾਕੇ ਦੀ ਬੌਰੋ ਦੇ ਕਾਊਂਸਲਰ ਚੁਣੇ ਗਏ, ਇਕ ਸਕੂਲ ਦੇ ਗਵਰਨਰ ਬਣਾਏ ਗਏ, ਗੱਲ ਕੀ ਲੇਬਰ ਪਾਰਟੀ ਵਿਚ ਪੁੱਛ ਪ੍ਰਤੀਤ ਵੱਧ ਗਈ । ਜਦੋਂ ਈਸਟ ਅਫਰੀਕਾ ਵਿਚੋਂ ਬ੍ਰਿਟਿਸ਼ ਏਸ਼ੀਅਨਾਂ ਦੀ ਕਢੋ ਕਢੀ ਹੋਈ ਤਾਂ ਲੇਬਰ ਗਵਰਨਮੈਂਟ ਨੇ ਉਨ੍ਹਾਂ ਦੇ ਵਲੈਤ ਆਉਣ ਉਤੇ ਪਾਬੰਦੀਆਂ ਲਾਉਣ ਦਾ ਕਾਨੂੰਨ ਪਾਸ ਕਰਨ ਦੀ ਸਕੀਮ ਬਣਾਈ । ਪ੍ਰੀਤਮ ਸਿੰਘ ਨੇ ਇਸ ਗਲ ਦੀ ਬੜੀ ਮੁਖ਼ਾਲਫ਼ਤ ਕੀਤੀ ਅਤੇ ਆਖਿਆ ਕਿ ਇਹ ਰੋਕ ਵਾਲਾ ਕਾਨੂੰਨ ਤਾਂ ਸਿਰਫ਼ ਰੰਗ ਅਤੇ ਨਸਲ ਦੇ ਭੇਦ ਭਾਵ ਉਪਰ ਬਣਾਇਆ ਜਾ ਰਿਹਾ ਹੈ । ਪਾਰਟੀ ਦੇ ਬਹੁਤ ਸਾਰੇ ਮੈਂਬਰਾਂ ਨੇ ਪ੍ਰੀਤਮ ਸਿੰਘ ਦੇ ਸਟੈਂਡ ਨੂੰ ਠੀਕ ਆਖ ਕੇ ਹਮਾਇਤ ਕੀਤੀ ਕਿ ਉਹ ਏਸ਼ੀਅਨ ਬ੍ਰਿਟਿਸ਼ ਨਾਗਰਿਕ ਹਨ ਅਤੇ ਉਨ੍ਹਾਂ ਦੀ ਨਾਗਰਿਕਤਾ ਕਬੂਲ ਕਰਕੇ ਉਨ੍ਹਾਂ ਦੀ ਆਮਦ ਵਿਚ ਕੋਈ ਰੁਕਾਵਟ ਨਹੀਂ ਪਾਉਣੀ ਚਾਹੀਦੀ । ਪਰ ਸਰਕਾਰਾਂ ਭਾਵੇਂ ਕਿਸੇ ਵੀ ਰੰਗ (ਨੀਲਾ, ਲਾਲ, ਸੰਤਰੀ) ਦੀਆਂ ਬਣ ਜਾਣ, ਉਨ੍ਹਾਂ ਨੂੰ ਆਉਣ ਵਾਲੀਆਂ ਈਲੈਕਸ਼ਨਾਂ ਦਾ ਜ਼ਿਆਦਾ ਖ਼ਿਆਲ ਰਹਿੰਦਾ ਹੈ । ਸੋ ਸਭ ਕਾਸੇ ਦੇ ਬਾਵਜੂਦ ਕਾਨੂੰਨ ਬਣ ਹੀ ਗਿਆ । ਇਸ ਤੇ ਪ੍ਰੀਤਮ ਸਿੰਘ ਨੇ ਲੇਬਰ ਪਾਰਟੀ ਦਾ ਸਾਥ ਛੱਡ ਦਿੱਤਾ । ਥੋੜ੍ਹੇ ਹੀ ਸਮੇਂ ਪਿੱਛੋਂ ਲਿਬਰਲ ਪਾਰਟੀ ਨੇ ਉਨ੍ਹਾਂ ਨੂੰ ਮੈਂਬਰ ਬਣਨ ਦੀ ਪੇਸ਼ਕਸ਼ ਕੀਤੀ ਜੋ ਉਨ੍ਹਾਂ ਨੇ ਮੰਨ ਲਈ ਤੇ ਹੁਣ ਤਾਂਈਂ ਉਸਦੇ ਮੈਂਬਰ ਹਨ ।

੧੯੫੧ ਵਿਚ ਡਿਗਰੀਆਂ ਲੈ ਕੇ ਪੜ੍ਹਾਈ ਤਾਂ ਖ਼ਤਮ ਕਰ ਲਈ ਪਰ ਉਸ ਸਮੇਂ ਕੀਨੀਆ ਵਿਚ

ਯੂਰਪੀਨ ਲੋਕਾਂ ਦੀ ਪ੍ਰਭਤਾ ਸੀ । ਭਾਵੇਂ ਯੂਰਪੀਨਾਂ ਤੇ ਹਿੰਦੀਆਂ ਦੇ ਨਿਜੀ ਸਬੰਧ ਸਾਊਥ ਅਫਰੀਕਾ ਦੇ ਅਪਾਰਟਹਾਈਡ ਵਰਗੇ ਨੀਵੇਂ ਪੱਧਰ ਦੇ ਤਾਂ ਨਹੀਂ ਸਨ, ਪਰ ਉਥੋਂ ਦੀ ਸਿਆਸੀ ਆਬੋਹਵਾ ਐਸੀ ਸੀ ਕਿ ਏਸ਼ੀਆਈ ਲੋਕਾਂ (ਭਾਰਤੀ ਅਤੇ ਪਾਕਿਸਤਾਨੀਆਂ) ਨਾਲ ਖਾਸਾ ਵਿਤਕਰਾ ਕੀਤਾ ਜਾ ਰਿਹਾ ਸੀ । ਇਹੋ ਜਿਹੇ ਭਵਿਸ਼ ਨੂੰ ਮੱਦੇ ਨਜ਼ਰ ਰਖਦਿਆਂ ਹੋਇਆਂ ਪ੍ਰੀਤਮ ਸਿੰਘ ਨੇ ਆਪਣੀ ਬੈਰਿਸਟਰ ਦੀ ਪ੍ਰੈਕਟਿਸ ਵਲੈਤ ਵਿਚ ਹੀ ਕਰਨ ਦਾ ਫੈਸਲਾ ਕਰ ਲਿਆ । ਇਸ ਮਨਸ਼ਾ ਦੀ ਪੂਰਤੀ ਵਿਚ ਕਿਨੀਆਂਕੁ ਰੁਕਾਵਟਾਂ ਆਉਣਗੀਆਂ, ਇਸ ਗੱਲ ਦਾ ਉਦੋਂ ਹੀ ਪਤਾ ਲੱਗਾ ਜਦੋਂ ਐਨੇ ਹੱਥ ਪੈਰ ਮਾਰਨ ਦੇ ਬਾਵਜੂਦ, ਕਿਸੇ ਬੈਰਿਸਟਰਜ਼ ਚੇਮਬਰਜ਼ ਵਿਚ ਦਾਖ਼ਲ ਹੋਣ ਵਿਚ ਸਫਲਤਾ ਨਾ ਮਿਲ ਸਕੀ । ਇੰਗਲੈਂਡ ਦੇ ਸਾਰੇ ਹੀ ਵੱਡੇ ਸ਼ਹਿਰ ਫਿਰ ਮਾਰੇ ਪਰ ਪਗੜੀ ਤੇ ਦਾਹੜੀ ਦੇਖਦੇ ਸਾਰ ਹੀ ਨਾਂਹ ਹੁੰਦੀ ਰਹੀ । ਮੁਸ਼ਕਿਲ ਇਹ ਹੈ ਕਿ ਬੈਰਿਸਟਰਜ਼ ਚੇਮਬਰਜ਼ ਆਪਣੀ ਮਨਚਾਹੀ ਥਾਂ ਤੇ ਨਹੀਂ ਖੋਲੀ ਜਾ ਸਕਦੀ । ਚੇਮਬਰਜ਼ ਵਾਸਤੇ ਥਾਵਾਂ ਨੀਅਤ ਹੋਈਆਂ ਹੁੰਦੀਆਂ ਹਨ । ਪ੍ਰੀਤਮ ਸਿੰਘ ਬੜੇ ਪੱਕੇ ਇਰਾਦੇ ਵਾਲੇ ਪੁਰਸ਼ ਹਨ, ਉਹ ਕੋਸ਼ਿਸ਼ ਕਰਦੇ ਰਹੇ ਤੇ ਅੰਤ ਉਨ੍ਹਾਂ ਨੂੰ ਲੀਡਜ਼ ਸ਼ਹਿਰ ਵਿਚ ਇਕ ਯਹੂਦੀ ਹੈਡ ਦੀ ਇਕ ਛੋਟੀ ਜਿਹੀ ਚੇਮਬਰਜ਼ ਵਿਚ ਥਾਂ ਮਿਲ ਹੀ ਗਈ ।

ਉਨ੍ਹਾਂ ਦਿਨਾਂ ਵਿਚ ਅਜੇ ਮੋਟਰਵੇਜ਼ ਨਹੀਂ ਬਣੇ ਸਨ । ਇਕ ਵਾਰ ਪ੍ਰੀਤਮ ਸਿੰਘ ਛੋਟੀਆਂ ਛੋਟੀਆਂ ਸੜਕਾਂ ਰਾਹੀਂ ਲੰਦਨ ਤੋਂ ਲੀਡਜ਼ ਸ਼ਹਿਰ ਨੂੰ ਜਾ ਰਹੇ ਸੀ, ਕਿ ਹਡਰਸਫੀਲਡ ਸ਼ਹਿਰ ਵਿਚੋਂ ਲੰਘਦਿਆਂ ਉਨ੍ਹਾਂ ਨੂੰ ਪਗੜੀਆਂ ਵਾਲੇ ਦੋ ਸਿੱਖ ਦਿਸ ਪਏ । ਉਨ੍ਹਾਂ ਨੇ ਕਾਰ ਖੜੀ ਕਰਕੇ ਗਲ ਬਾਤ ਕੀਤੀ ਤਾਂ ਪਤਾ ਲਗਿਆ ਕਿ ਇਹ ਦੋਵੇਂ ਜਣੇ ਉੱਨ ਦੀ ਫੈਕਟਰੀ ਵਿਚ ਕੰਮ ਕਰਦੇ ਹਨ ਅਤੇ ਇਸ ਸ਼ਹਿਰ ਵਿਚ ਸਾਰੇ ਕੋਈ ੨੦-੨੫ ਸਿੱਖ ਹਨ । ਉਸ ਦਿਨ ਗੁਰੂ ਨਾਨਕ ਦੇਵ ਜੀ ਦਾ ਪਵਿੱਤਰ ਜਨਮ ਦਿਨ ਸੀ ਤੇ ਸਭਨੇ ਇਕ ਘਰ ਵਿਚ ਇਕੱਠੇ ਹੋ ਕੇ ਗੁਰਪੁਰਬ ਮਨਾਉਣਾ ਸੀ । ਪ੍ਰੀਤਮ ਸਿੰਘ ਨੇ ਸ਼ਾਮਿਲ ਹੋਣ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਬੜੀ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ । ਸਿੰਘ ਜੀ ਨੇ ਦੋਨਾਂ ਨੂੰ ਕਾਰ ਵਿਚ ਬਠਾਇਆ ਤੇ ਜਾ ਸੰਗਤ ਵਿਚ ਸ਼ਾਮਲ ਹੋਏ । ਐਸਾ ਪੜ੍ਹਿਆ ਲਿਖਿਆ ਬੰਦਾ ਤਾਂ ਉਦੋਂ ਉਥੇ ਕੋਈ ਹੈ ਹੀ ਨਹੀਂ ਸੀ । ਲੀਡਜ਼ ਸ਼ਹਿਰ ਗੁਆਂਢ ਹੋਣ ਕਰਕੇ ਹਡਰਸਫੀਲਡ ਵਾਲਿਆਂ ਨੂੰ ਉਨ੍ਹਾਂ ਨਾਲ ਖਾਸ ਉਨਸ ਹੋ ਗਈ । ਇਹ ਸ਼ਹਿਰ ਪ੍ਰੀਤਮ ਸਿੰਘ ਦੇ ਨੌਰਥ ਈਸਟਰਨ ਸਰਕੱਟ ਦਾ ਭਾਗ ਹੋਣ ਕਰਕੇ, ਉਨ੍ਹਾਂ ਦਾ ਇੱਥੇ ਕਾਫ਼ੀ ਆਉਣਾ ਜਾਣਾ ਬਣ ਗਿਆ । ਹੌਲੀ ਹੌਲੀ ਯੋਰਕਸ਼ਾਇਰ ਵਿਚ ਸਿੱਖਾਂ ਦੀ ਵਸੋਂ ਵਧ ਗਈ ਤੇ ਗੁਰਦਵਾਰੇ ਵੀ ਬਣਨ ਲਗ ਪਏ । ਪ੍ਰੀਤਮ ਸਿੰਘ ਨਾਲ ਸੰਗਤਾਂ ਬੜੇ ਪਿਆਰ ਅਤੇ ਸਤਿਕਾਰ ਨਾਲ ਪੇਸ਼ ਆਉਂਦੀਆਂ, ਅਤੇ ਉਨ੍ਹਾਂ ਦਾ ਬੜਾ ਮਾਣ ਕਰਦੀਆਂ ਸਨ ।

ਇੰਗਲੈਂਡ ਵਿਚ ਵਕੀਲ ਦੋ ਕਿਸਮ ਦੇ ਹੁੰਦੇ ਹਨ : ਬੈਰਿਸਟਰ ਅਤੇ ਸੌਲਿਸੀਟਰ । ਪੜ੍ਹਾਈ ਤਾਂ ਦੋਹਾਂ ਦੀ ਤਕਰੀਬਨ ਇਕੋ ਜਿਹੀ ਹੀ ਹੁੰਦੀ ਹੈ ਪਰ ਇਨ੍ਹਾਂ ਦੇ ਕਾਰ ਵਿਹਾਰ ਵਿਚ ਫਰਕ ਹੈ । ਸੌਲਿਸੀਟਰ ਓਹ ਵਕੀਲ ਹੈ ਜਿਸਦੇ ਪਾਸ ਕਲਾਇੰਟ ਸਿੱਧੇ ਹੀ ਜਾਂਦੇ ਹਨ । ਓਹ ਆਪਣੇ ਨਾਮ ਦਾ ਫੱਟਾ ਲਗਾਕੇ ਕਿਧਰੇ ਵੀ ਦਫ਼ਤਰ (ਔਫਿਸ) ਖੋਲ੍ਹ ਸਕਦਾ ਹੈ, ਅਥਵਾ ਕਿਸੇ ਚਲਦੀ ਹੋਈ ਸੌਲਿਸੀਟਰਾਂ ਦੀ ਕੰਪਨੀ ਵਿਚ ਨੌਕਰੀ ਕਰਕੇ, ਜਾਂ ਭਾਈਵਾਲੀ ਪਾ ਕੇ ਭੀ ਸ਼ਾਮਲ ਹੋ ਸਕਦਾ ਹੈ । ਕਲਾਇੰਟ ਦੀ ਗੱਲ ਬਾਤ ਸੁਣ ਕੇ ਮਾੜਾ ਮੋਟਾ ਮਸਲਾ ਹੋਵੇ ਤਾਂ ਉਹ ਆਪ ਹੀ ਨਿਪਟਾ ਸਕਦਾ ਹੈ, ਜਿਹਾ ਕਿ ਮੈਜਿਸਟਰੇਟ ਦੀ ਕੋਰਟ ਦਾ ਕੇਸ ਹੋਵੇ ਜਾਂ ਛੋਟਾ ਜਿਹਾ ਕਾਉਂਟੀ ਕੋਰਟ ਦਾ ਕੇਸ ਹੋਵੇ ਜਾਂ ਘਰ ਅਥਵਾ ਜ਼ਮੀਨ ਦੇ ਮਾਮਲੇ ਹੋਣ । ਪਰ ਜਿਹੜੀਆਂ ਔਖੀਆਂ ਗੱਲਾਂ ਹੋਣ, ਅਪੀਲਾਂ ਜਾਂ ਹਾਈ ਕੋਰਟ ਦੇ ਕੇਸ, ਭਾਰੇ ਸਿਵਿਲ ਅਤੇ ਫੌਜਦਾਰੀ ਦੇ ਕੇਸ ਹੋਣ, ਤਾਂ ਉਨ੍ਹਾਂ ਲਈ ਬੈਰਿਸਟਰ ਚਾਹੀਦਾ ਹੈ । ਪਰ ਚੂੰਕਿ ਕਲਾਇੰਟ ਸਿੱਧਾ ਹੀ ਬੈਰਿਸਟਰ ਕੋਲ ਨਹੀਂ ਜਾ ਸਕਦਾ, ਇਸ ਲਈ ਸੌਲਿਸੀਟਰ ਬਰੀਫ਼ ਬਣਾਕੇ

(ਕੇਸ ਦੀ ਮਿਸਲ ਤਿਆਰ ਕਰਕੇ) ਬੈਰਿਸਟਰ ਨੂੰ ਭੇਜ ਦਿੰਦਾ ਹੈ ਤੇ ਸਮਾਂ ਤੈਅ ਕਰਕੇ ਕਲਾਇੰਟ ਨੂੰ ਨਾਲ ਲੈ ਕੇ ਬੈਰਿਸਟਰ ਦੀਆਂ ਚੇਮਬਰਜ਼ ਵਿਚ ਪਹੁੰਚ ਜਾਂਦਾ ਹੈ। ਉਸਤੋਂ ਪਿੱਛੋਂ ਕੇਸ ਦੀ ਸਾਰੀ ਪੈਰਵੀ ਬੈਰਿਸਟਰ ਦੀ ਨਿਗਰਾਨੀ ਹੇਠ, ਸੌਲਿਸੀਟਰ ਦੇ ਰਾਹੀਂ ਚਲਦੀ ਰਹਿੰਦੀ ਹੈ। ਇਕ ਬੈਰਿਸਟਰ ਉਹ ਹੁੰਦੇ ਹਨ, ਜਿਹੜੇ ਸਿਵਿਲ ਕੇਸਾਂ ਦੀ ਮੁਹਾਰਤ ਰਖਦੇ ਹਨ, ਦੂਸਰੇ ਅਤੇ ਬਹੁਗਿਣਤੀ ਵਾਲੇ ਉਹ ਹਨ ਜਿਹੜੇ ਫੌਜਦਾਰੀ ਅਤੇ ਮੈਟਰੀਮੋਨੀਅਲ (ਵਿਵਾਹਕ) ਕੇਸ ਕਰਦੇ ਹਨ। ਪਰ ਹਰ ਬੈਰਿਸਟਰ ਨੂੰ ਡੀਫੈਨਸ (ਸਫ਼ਾਈ) ਦੇ ਕੇਸਾਂ ਦੇ ਇਲਾਵਾ, ਕਰਾਊਨ ਦੇ ਕੇਸ ਵੀ ਲਾਜ਼ਮੀ ਕਰਨੇ ਪੈਂਦੇ ਹਨ। ਬੈਰਿਸਟਰਾਂ ਵਿਚੋਂ ਹੀ ਅੱਗੇ ਜਾ ਕੇ ਕਈ ਕੁਈਨਜ਼ ਕਾਊਂਸਲ ਬਣਾਏ ਜਾਂਦੇ ਹਨ, ਤੇ ਕਈ ਜੱਜ ਬਣਨਾ ਮਨਜ਼ੂਰ ਕਰ ਲੈਂਦੇ ਹਨ। ਇਕ ਵਾਰੀ ਜਿਹੜਾ ਬੈਰਿਸਟਰ ਤਨਖ਼ਾਹਦਾਰ ਜੱਜ ਬਣ ਜਾਵੇ, ਉਹ ਜੱਜ ਦੀ ਕੁਰਸੀ ਛੱਡਣ ਤੋਂ ਪਿਛੋਂ ਮੁੜਕੇ ਬੈਰਿਸਟਰ ਦੀ ਪ੍ਰੈਕਟਿਸ ਨਹੀਂ ਕਰ ਸਕਦਾ। ਕੋਈ ਬੈਰਿਸਟਰ ਕਿਸੇ ਹੋਰ ਬੈਰਿਸਟਰ ਜਾਂ ਸੌਲਿਸੀਟਰ ਦੀ ਨੌਕਰੀ ਨਹੀਂ ਕਰ ਸਕਦਾ।

ਪ੍ਰੀਤਮ ਸਿੰਘ ਆਪਣੀ ਪ੍ਰੈਕਟਿਸ ਦੇ ਸਿਸਸਿਲੇ ਵਿਚ ਯੌਰਕਸ਼ਾਇਰ ਦੇ ਨੌਰਥ ਈਸਟਰਨ ਸਰਕਟ ਵਿਚ ਸ਼ਾਮਲ ਹੋਣ ਲਈ ਗਏ ਸੀ। ਉਨ੍ਹਾਂ ਦੇ ਨਾਲ ਯੂਨੀਵਰਸਿਟੀ ਵਿਚ ਪੜ੍ਹਦਾ ਇਕ ਹਮ-ਜਮਾਤੀ ਸੌਲਿਸੀਟਰ ਦਾ ਪੁੱਤਰ ਆਪ ਵੀ ਸੌਲਿਸਟਰ ਬਣ ਗਿਆ ਸੀ। ਉਸਨੇ ਸਿੰਘ ਜੀ ਨੂੰ ਕਾਉਂਟੀ ਕੋਰਟ ਦੀ ਇਕ ਬਰੀਫ ਭੇਜ ਦਿਤੀ। ਮੈਜਿਸਟਰੇਟ ਕੋਰਟ ਤੋਂ ਸਿਵਾ ਹੋਰ ਕਿਸੇ ਵੀ ਕੋਰਟ ਵਿਚ ਹਾਜ਼ਰ ਹੋਣ ਵਾਲੇ ਬੈਰਿਸਟਰ ਨੂੰ ਆਪਣੇ ਸਿਰ ਤੇ ਵਿਗ ਪਾਉਣੀ ਲਾਜ਼ਮੀ ਹੈ। ਇਹ ਵਿਗ ਘੋੜੇ ਦੇ ਚਿਟਿਆਂ ਵਾਲਾਂ ਦੀ ਬਣਾਈ ਜਾਂਦੀ ਹੈ॥ ਜੱਜ ਸਾਹਿਬ ਨੂੰ ਪੁੱਛਿਆ ਤਾਂ ਉਨ੍ਹਾਂ ਨੇ ਸਾਫ਼ ਕਹਿ ਦਿੱਤਾ ਕਿ ਸਦੀਆਂ ਦਾ ਕਾਇਮ ਕੀਤਾ ਹੋਇਆ ਦਸਤੂਰ ਤੋੜਿਆ ਨਹੀਂ ਜਾ ਸਕਦਾ। ਤੁਹਾਨੂੰ ਵਿਗ ਪਾਉਣ ਬਿਨਾਂ ਹਾਜ਼ਰੀ ਨਹੀਂ ਮਿਲ ਸਕਦੀ। ਕਿਸੇ ਨੇ ਸਲਾਹ ਦਿੱਤੀ ਕਿ ਮਾਮਲਾ ਬਾਰ ਕਾਉਂਸਿਲ ਨੂੰ ਸੌਂਪ ਦਿਤਾ ਜਾਵੇ, ਸੋ ਪ੍ਰੀਤਮ ਸਿੰਘ ਨੇਂ ਇਸੇ ਤਰ੍ਹਾਂ ਹੀ ਕੀਤਾ। ਬਾਰ ਕਾਊਂਸਿਲ ਨੇ ਤੁਰੰਤ ਹੀ ਇਕ ਸਬ-ਕਮੇਟੀ ਬਣਾ ਦਿੱਤੀ, ਜਿਸਨੇ ਛੇਤੀ ਹੀ ਆਪਣੀ ਰਿਪੋਰਟ ਭੇਜ ਦਿੱਤੀ, ਕਿ ਸੰ: ੧੯੨੦ ਵਿਚ ਇਕ ਸਿੱਖ ਬੈਰਿਸਟਰ ਆਪਣੇ ਪ੍ਰਿਵੀ ਕਾਊਂਸਿਲ ਦੇ ਇਕ ਕੇਸ ਦੀ ਪੈਰਵੀ ਕਰਨ ਲਈ ਪੰਜਾਬ ਤੋਂ ਲੰਦਨ ਆਇਆ ਸੀ ਅਤੇ ਕਿੰਗਜ਼ ਕਾਊਂਸੈਲ ਦੀ ਅਗਵਾਈ ਹੇਠਾਂ ਹਰ ਰੋਜ਼ ਪ੍ਰਿਵੀ ਕਾਊਂਸਿਲ ਵਿਚ ਹਾਜ਼ਰ ਹੁੰਦਾ ਸੀ।

ਖੁਸ਼ਕਿਸਮਤੀ ਨੂੰ ਇਸ ਸਬ-ਕਮੇਟੀ ਵਿਚ ਦੋ ਕੁਈਨਜ਼ ਕਾਊਂਸੈਲ ਉਹ ਸਨ, ਜੋ ਉਸ ਪ੍ਰਿਵੀ ਕਾਊਂਸਿਲ ਵਿਚ ਆਪਣੇ "ਸਿਲਕਾਂ" ਦੇ ਕੇਸਾਂ ਦੀ ਤਾਕ ਵਿਚ ਬੈਠੇ ਹੁੰਦੇ ਸਨ, ਪਰ ਓਦੋਂ ਉਹ ਆਪ ਨਵੇਂ ਨਵੇਂ ਬਣੇ ਬੈਰਿਸਟਰ ਹੀ ਹੁੰਦੇ ਸਨ। ਉਨ੍ਹਾਂ ਦੱਸਿਆ ਕਿ ਪੰਜਾਬ ਦਾ ਸਿੱਖ ਬੈਰਿਸਟਰ ਹਰ ਰੋਜ਼ ਪਗੜੀ ਬੰਨ੍ਹ ਕੇ ਆਉਂਦਾ ਹੁੰਦਾ ਸੀ। ਇਹ ਗਲ ਤਾਂ ਪ੍ਰੀਤਮ ਸਿੰਘ ਦੇ ਹਕ ਦੀ ਸੀ ਪਰ ਉਨ੍ਹਾਂ ਹੋਰ ਇਹ ਵੀ ਆਖ ਦਿੱਤਾ ਕਿ ਓਹ ਸਿੱਖ ਹਰ ਰੋਜ ਨਵੇਂ ਰੰਗ ਦੀ ਪਗੜੀ ਬੰਨ੍ਹ ਕੇ ਆਉਂਦਾ ਹੁੰਦਾ ਸੀ। ਬਾਰ ਕਾਊਂਸਿਲ ਨੇ ਪਾਸ ਕੀਤਾ ਕਿ ਚੂੰਕਿ ਪੰਜਾਬ ਵਾਲੇ ਸਿੱਖ ਬੈਰਿਸਟਰ ਸਾਹਿਬ ਪ੍ਰਿਵੀ ਕਾਊਂਸਿਲ ਵਿਚ ਖੁਲ੍ਹੀ ਤਰ੍ਹਾਂ ਪੇਸ਼ ਹੋ ਚੁਕੇ ਹਨ, ਇਸ ਲਈ ਪ੍ਰੀਤਮ ਸਿੰਘ ਨੂੰ ਵੀ ਖੁੱਲ੍ਹ ਹੈ ਪਰ ਰੰਗਦਾਰ ਪਗੜੀ ਬੈਰਿਸਟਰ ਦੀ ਵਿਗ ਨਾਲ ਸਖ਼ਤ ਟੱਕਰ ਖਾਏਗੀ, ਇਸ ਲਈ ਸਿੰਘ ਜੀ ਹਮੇਸ਼ਾਂ ਸਫੈਦ ਪਗੜੀ ਬੰਨ੍ਹ ਕੇ ਹੀ ਕੋਰਟ ਵਿਚ ਹਾਜ਼ਰ ਹੋ ਸਕਣਗੇ।

ਵਕਾਲਤੀ ਹਲਕਿਆਂ ਦਾ ਖਿਆਲ ਸੀ ਕਿ ਅੰਗਰੇਜ਼ ਕਲਾਇੰਟ ਆਪਣੇ ਕੇਸ ਇਕ ਪਗੜੀ ਦਾਹੜੀ ਵਾਲੇ ਰੰਗਦਾਰ ਬੈਰਿਸਟਰ ਨੂੰ ਕਦੀ ਨਹੀਂ ਦੇਣਗੇ। ਪਰ ਪਾਰਬ੍ਰਹਮ ਦੀ ਕਿਰਪਾ ਦੇ ਸਦਕੇ, ਪ੍ਰੀਤਮ ਸਿੰਘ ਦਾ ਕੰਮ ਐਸਾ ਅੱਛਾ ਚਲ ਪਿਆ ਕਿ ਇਕ ਸਾਲ ਬਾਦ ਹੀ ਹੱਲ ਸ਼ਹਿਰ ਦੀ ਵੱਡੀ

ਚੈਂਬਰਜ਼ ਨੇ ਉਨ੍ਹਾਂ ਨੂੰ ਸੱਦਾ ਭੇਜਿਆ ਕਿ ਅਸੀਂ ਫ਼ਖ਼ਰ ਸਮਝਾਂਗੇ ਜੇ ਤੁਸੀਂ ਸਾਡੀ ਚੈਂਬਰਜ਼ ਵਿਚ ਸ਼ਾਮਲ ਹੋ ਜਾਉ । ਇਸ ਤਰ੍ਹਾਂ ਉਨ੍ਹਾਂ ਨੂੰ ਦਿਨ ਦੂਣੀ, ਰਾਤ ਚੌਗਣੀ ਸਫ਼ਲਤਾ ਮਿਲਦੀ ਗਈ।

ਬੈਰਿਸਟਰ ਦੇ ਤੌਰ ਤੇ ਇਨ੍ਹਾਂ ਦਾ ਪਹਿਲਾ ਕੇਸ ਨੌਰਥ ਈਸਟਰਨ ਯੌਰਕਸ਼ਾਇਰ ਦੇ ਸ਼ਹਿਰ ਬੈਵਰਲੀ ਦੀ ਕੋਰਟ ਵਿਚ ਲੱਗਾ । ਉਹ ਛੁੱਟੀਆਂ ਤੋਂ ਪਿਛੋਂ ਕੋਰਟ ਦੇ ਖੁਲਣ ਦਾ ਪਹਿਲਾ ਦਿਨ ਸੀ । ਉਸ ਦਿਨ ਨਵੇਂ ਬਣੇ ਮੈਜਿਸਟਰੇਟਾਂ ਨੂੰ ਸਹੁੰ ਚੁਕਾਈ ਜਾਂਦੀ ਹੈ । ਰਾਣੀ ਦਾ ਖਾਸ ਨੁਮਾਂਇੰਦਾ (ਲਾਰਡ ਲੈਫਟੀਨੈਂਟ) ਆਪ ਆਉਂਦਾ ਹੁੰਦਾ ਹੈ । ਸੋ ਸਾਰੀ ਕੋਰਟ ਭਰੀ ਹੋਈ ਸੀ । ਪਹਿਲੇ ਬੈਂਚਾਂ ਉਤੇ ਕੁਈਨਜ਼ ਕੁਾਊਂਸੈਲ, ਉਨ੍ਹਾਂ ਦੇ ਪਿਛਲੀਆਂ ਬੈਂਚਾਂ ਤੇ ਬੈਰਿਸਟਰ, ਉਨ੍ਹਾਂ ਦੇ ਪਿੱਛੇ ਸੌਲਿਸੀਟਰ ਤੇ ਉਨ੍ਹਾਂ ਦੇ ਪਿਛਲੀਆਂ ਬੈਂਚਾਂ ਉਤੇ ਆਮ ਪਬਲਿਕ । ਜਦੋਂ ਜੱਜਾਂ ਦੇ ਆਉਣ ਦਾ ਸਮਾਂ ਹੋਇਆ, ਤਾਂ ਸਾਰੇ ਹਾਜ਼ਰੀਨ ਉਠਕੇ ਖੜੇ ਹੋ ਗਏ । ਆਉਣ ਵਾਲਿਆਂ ਵਿਚ ਸਭ ਤੋਂ ਮੂਹਰੇ ਲਾਰਡ ਲੈਫਟੀਨੈਂਟ ਸੀ ਫਿਰ ਜੱਜ, ਤੇ ਫਿਰ ਮੈਜਿਸਟਰੇਟ । ਜਦੋਂ ਲਾਰਡ ਲੈਫਟੀਨੈਂਟ ਦੀ ਨਜ਼ਰ ਦਸਤਾਰ ਧਾਰੀ ਪ੍ਰੀਤਮ ਸਿੰਘ ਤੇ ਪਈ ਤਾਂ ਉਹ ਸਮਝ ਗਿਆ ਕਿ ਇਹ ਸਿੱਖ ਬੈਰਿਸਟਰ ਨਵਾਂ ਹੈ ਅਤੇ ਪਹਿਲੀ ਵਾਰ ਇਸ ਕੋਰਟ ਵਿਚ ਹਾਜ਼ਰ ਹੋਇਆ ਹੈ । ਉਸਨੇ ਝੱਟ ਹੱਥ ਜੋੜ ਕੇ ਆਖਿਆ : "ਸਤਿ ਸ੍ਰੀ ਅਕਾਲ, ਸਰਦਾਰ ਸਾਹਿਬ" । ਹੁਣ ਸਿੰਘ ਜੀ ਨੂੰ ਬੜੀ ਭਾਰੀ ਮੁਸ਼ਕਿਲ ਪੈ ਗਈ : ਕੋਰਟ ਵਿਚ ਗੁਡ ਮੌਰਨਿੰਗ, ਗੁਡ ਆਫਟਰਨੂਨ ਵਗੈਰਾ ਨਹੀਂ ਕਿਹਾ ਜਾਂਦਾ, ਇਥੇ ਤਾਂ ਸਿਰਫ਼ ਸਿਰ ਨਿਵਾਕੇ ਸਲਾਮੀ ਦਿੱਤੀ ਜਾਂਦੀ ਹੈ । ਅੱਖ ਦੇ ਫੋਰ ਵਿਚ ਸਿੰਘ ਜੀ ਨੇ ਫੈਸਲਾ ਕਰਨਾ ਸੀ : "ਸਤਿ ਸ੍ਰੀ ਅਕਾਲ ਆਖਣ, ਜਾਂ ਸਿਰਫ ਸਿਰ ਝੁਕਾਉਣ ? "

ਪ੍ਰੀਤਮ ਸਿੰਘ ਨੇ ਫੈਸਲਾ ਕੀਤਾ ਕਿ ਸਤਿ ਸ੍ਰੀ ਅਕਾਲ ਦਾ ਉਚਿਤ ਜਵਾਬ ਤਾਂ ਸਤਿ ਸ੍ਰੀ ਅਕਾਲ ਹੀ ਹੈ । ਸੋ ਉਨ੍ਹਾਂ ਨੇ ਤੁਰੰਤ ਆਖਿਆ : "ਸਤਿ ਸ੍ਰੀ ਅਕਾਲ, ਲਾਟ ਸਾਹਿਬ" । ਅਖਬਾਰਾਂ ਦੇ ਰਿਪੋਰਟਰਾਂ ਨੇ ਝਟ ਖਬਰਾਂ ਛਪਵਾ ਦਿੱਤੀਆਂ ਕਿ ਰਾਣੀ ਦੀ ਕਚਹਿਰੀ ਵਿਚ ਤਾਂ ਹੁਣ ਸਿੱਖਾਂ ਦਾ ਬੋਲਬਾਲਾ ਹੋ ਗਿਆ ਹੈ । ਪਰ ਓਸ ਦਿਨ ਤੋਂ ਲੈ ਕੇ ਸੰ: ੧੯੭੦ ਤਾਂਈਂ (ਜਦੋਂ ਲਾਰਡ ਮਿਡਲਟਨ ਦਾ ਦੇਹਾਂਤ ਹੋਇਆ) ਬੈਵਰਲੀ ਦੀ ਕੋਰਟ ਵਿਚ ਹਰ ਪਹਿਲੇ ਦਿਨ ਸਤਿ ਸ੍ਰੀ ਅਕਾਲ ਬੁਲਾਈ ਜਾਂਦੀ ਰਹੀ ।

ਹੋਣਹਾਰ ਬੈਰਿਸਟਰਾਂ ਨੂੰ ਜੱਜ ਬਣਨ ਦੀ ਤਿਆਰੀ ਲਈ, ਐਸਿਸਟੈਂਟ ਰੀਕੌਰਡਰ ਥਾਪਿਆ ਜਾਂਦਾ ਹੈ । (ਇਹ ਜੱਜ ਤਨਖ਼ਾਹ ਨਹੀਂ ਲੈਂਦੇ ਪਰ ਮਾਕੂਲ ਰੋਜ਼ਾਨਾ ਫੀਸ ਮਿਲਦੀ ਹੈ, ਜਦੋਂ ਜੱਜ ਦੇ ਤੌਰ ਤੇ ਨਾ ਬੈਠਣ ਤਾਂ ਆਪਣੀ ਹਸਬ ਮਾਮੂਲ ਬੈਰਿਸਟਰ ਦੀ ਪ੍ਰੈਕਟਿਸ ਕਰੀ ਜਾਂਦੇ ਹਨ) । ਸਮਾਂ ਪਾ ਕੇ, ਪ੍ਰੀਤਮ ਸਿੰਘ ਨੂੰ ਵੀ ਇਹ ਪਦ ਦਿੱਤਾ ਗਿਆ । ਸਤਿਆਵਾਨਾਂ ਨੂੰ ਡਰ ਸੀ, ਕਿ ਕਿਤੇ ਪਗੜੀ ਦਾਹੜੀ ਵਾਲੇ ਜੱਜ ਦੀ ਕੋਈ ਨਿਰਾਦਰੀ ਨਾ ਕਰ ਦੇਵੇ । ਪਰ ਸਾਰਾ ਸਮਾਂ ਭਲੀ ਭਲੀ ਨਾਲ ਚਲਦਾ ਗਿਆ, ਚਾਹੇ ਪ੍ਰੀਤਮ ਸਿੰਘ ਸਰਕਾਰੀ ਵਕੀਲ ਵਜੋਂ ਹੋਣ ਤੇ ਚਾਹੇ ਡੀਫੈਂਸ (ਸਫਾਈ) ਵਜੋਂ । ਤੇ ਜਦੋਂ ਉਹ ਫੈਸਲੇ ਦੇਣ ਲਈ ਬੈਠਣ ਤਾਂ ਵੀ ਕੋਈ ਅਜੀਬ ਜਾਂ ਅਨਹੋਣੀ ਗੱਲ ਨਹੀਂ ਸੀ ਹੁੰਦੀ । ਆਪਣੇ ਪ੍ਰੋਫੈਸ਼ਨ ਵਿਚ ਲਾਇਕ ਅਤੇ ਹਰ ਮਨ ਪਿਆਰੇ ਹੋਕੇ ਵਿਚਰਨ ਲਗੇ ।

ਸੋ, ਵਕਾਲਤ ਵਿਚ ਆਪਣੇ ਪੈਰ ਪੱਕੇ ਕਰਦਿਆਂ ਹੀ, ਪ੍ਰੀਤਮ ਸਿੰਘ ਨੇ ਹੱਲ ਯੂਨੀਵਰਸਿਟੀ ਵਿਚ ਇਕ ਗੁਰੂ ਨਾਨਕ ਮੈਮੋਰੀਅਲ ਲੈਕਚਰ ਕਾਇਮ ਕਰਵਾ ਲਿਆ, ਜਿਹੜਾ ਅਕਾਦਮਿਕ ਪਾਇ ਦਾ ਹੁੰਦਾ ਸੀ ਤੇ ਹਰ ਸਾਲ ਜਨਮ ਉਤਸਵ ਉਤੇ ਦਿੱਤਾ ਜਾਂਦਾ ਸੀ । ਇਸ ਕਾਜ ਲਈ, ਸਿੰਘ ਜੀ ਆਪਣੇ ਖਰਚੇ ਤੇ ਕਿਸੇ ਸਿੱਖ ਵਿਦਵਾਨ ਨੂੰ ਸੱਦਾ ਦੇ ਕੇ ਇਹ ਖੇਚਲ ਦਿਆ ਕਰਦੇ ਸਨ । ਬੜੇ ਨਾਮਵਰ ਸਿਖ ਬੁਧੀਜੀਵੀਆਂ ਨੇਂ ਸ਼ਮੂਲੀਅਤ ਕੀਤੀ ।

ਪ੍ਰੀਤਮ ਸਿੰਘ ਦੇ ੧੯੭੫ ਵਿਚ ਲੰਦਨ ਵਾਪਸ ਮੁੜ ਜਾਣ ਤਕ, ਸਿੱਖ ਜਗਤ ਦੀਆਂ ਕਈ ਮਹਾਨ ਵਿਅਕਤੀਆਂ ਨੇ ਇਹ ਮੈਮੋਰੀਅਲ ਲੈਕਚਰ ਦੇਣ ਦਾ ਸੁਭਾਗ ਹਾਸਲ ਕੀਤਾ। ਗੁਰੂ ਨਾਨਕ ਦੇਵ ਜੀ ਦੀ ੫੦੦ ਵੀਂ ਸ਼ਤਾਬਦੀ ਉਤੇ ਪ੍ਰੀਤਮ ਸਿੰਘ ਨੇ ਆਪਣੇ ਅਸਰ ਰਸੂਖ ਨਾਲ, ਲੀਡਜ਼ ਸ਼ਹਿਰ ਵਿਚ ਇਕ ਬੜਾ ਹੀ ਸ਼ਾਨਦਾਰ ਸੰਮੇਲਨ ਕੀਤਾ, ਜਿਸ ਵਿਚ ਸਾਰੇ ਯੌਰਕਸ਼ਾਇਰ ਦੇ ਅੰਗਰੇਜ਼ ਪਤਵੰਤੇ, ਕੀ ਉਹ ਸ਼ਹਿਰਾਂ ਦੇ ਮੇਅਰ ਸਨ, ਸਨਅਤਕਾਰ ਸਨ, ਪ੍ਰੋਫੈਸਰ, ਡਾਕਟਰ, ਜੱਜ, ਕੁਈਨਜ਼ ਕਾਊਂਸੈਲ, ਬੈਰਿਸਟਰ, ਸੌਲਿਸੀਟਰ, ਜਾਂ ਹੋਰ ਮਾਹਰ ਸਨ, ਬੁਲਾਇ ਗਏ ਅਤੇ ਕੋਈ ਟਾਂਵਾਂ ਹੀ ਹੋਊ ਜਿਹੜਾ ਨਾ ਆ ਸਕਿਆ ਹੋਵੇਗਾ। ਲਾਰਡ ਲੈਫਟੀਨੈਂਟ ਨੇ ਪ੍ਰਧਾਨਗੀ ਕੀਤੀ ਅਤੇ ਪ੍ਰੋਫੈਸਰ ਹਰਬੰਸ ਸਿੰਘ ਪਟਿਆਲੇ ਤੋਂ ਖਾਸ ਤੌਰ ਤੇ ਕੀ-ਨੋਟ ਸਪੀਚ ਕਰਨ ਲਈ ਆਏ। ਏਡੇ ਵੱਡੇ ਪੈਮਾਨੇ ਤੇ ਸੰਮੇਲਨ ਪਹਿਲਾਂ ਕਦੇ ਨਹੀਂ ਸੀ ਹੋਇਆ। ਇਹ ਸੰਮੇਲਨ ਕਰਨ ਦਾ ਪਹਿਲਾ ਮਕਸਦ ਤਾਂ ਗੁਰੂ ਜੀ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਸੀ। ਦੂਸਰੇ, ਯੌਰਕਸ਼ਾਇਰ ਦੇ ਅੰਗਰੇਜ਼ਾਂ ਨੂੰ ਸਿੱਖ ਧਰਮ ਤੋਂ ਵਾਕਫ਼ ਕਰਾਉਣਾ ਅਤੇ ਉਨ੍ਹਾਂ ਨੂੰ ਸਿੱਖਾਂ ਨਾਲ ਪਿਆਰ ਤੇ ਸਤਿਕਾਰ ਨਾਲ ਮਿਲਨ ਬੈਠਣ ਦਾ ਮੌਕਾ ਦੇਣਾ ਸੀ। ਆਉਣ ਵਾਲੇ ਸਾਰੇ ਹੀ ਬੜੇ ਪ੍ਰਭਾਵਤ ਹੋ ਕੇ ਗਏ ਅਤੇ ਸਿੱਖਾਂ ਦਾ ਸਵੈਮਾਨ ਵਧੇਰੇ ਪੱਕਾ ਹੋ ਗਿਆ।

ਇੰਗਲੈਂਡ ਵਿਚ ਪ੍ਰੀਤਮ ਸਿੰਘ ਪਹਿਲੇ ਬੈਰਿਸਟਰ ਸਨ ਜਿਨ੍ਹਾਂ ਨੇ ਸਾਲਾਂ ਬੱਧੀ ਸਫ਼ੈਦ ਪਗੜੀ ਬੰਨ੍ਹਕੇ ਪ੍ਰੈਕਟਿਸ ਕੀਤੀ ਅਤੇ ਮਿਹਨਤ ਅਤੇ ਲਿਆਕਤ ਸਦਕੇ, ਇਤਨੀ ਸਫਲਤਾ ਪ੍ਰਾਪਤ ਕਰ ਲਈ, ਕਿ ੧੯੭੬ ਵਿਚ ਇੰਗਲੈਂਡ ਦੀ ਰਾਣੀ ਨੇ ਉਨ੍ਹਾਂ ਨੂੰ ਕੁਈਨਜ਼ ਕਾਊਂਸੈਲ ਦੀ ਪਦਵੀ ਦੇ ਕੇ ਸਨਮਾਨਤ ਕੀਤਾ। ਇੰਗਲੈਂਡ ਦੇ ਇਤਿਹਾਸ ਵਿਚ ਇਸ ਸਨਮਾਨ ਨੂੰ ਪ੍ਰਾਪਤ ਕਰਨ ਵਾਲੇ ਇਹ ਪਹਿਲੇ ਸਿੱਖ ਹੀ ਨਹੀਂ ਮਗੋਂ ਪਹਿਲੇ ਰੰਗਦਾਰ ਇੰਗਲਿਸ਼ ਬੈਰਿਸਟਰ ਸਨ। ਇਹ ਉਪਾਧੀ ਰਾਣੀ ਦੇ ਆਪਣੇ ਨਿਜੀ ਪੇਟੈਂਟ ਦੁਆਰਾ ਸਾਰੀ ਉਮਰ ਲਈ ਦਿੱਤੀ ਜਾਂਦੀ ਹੈ। ਇਸ ਮੌਕੇ ਇਕ ਨਵਾਂ ਮਸਲਾ ਖੜਾ ਹੋ ਗਿਆ। ਕੁਈਨਜ਼ ਕਾਉਂਸਲ, ਹਾਈ ਕੋਰਟ ਦੇ ਜੱਜ ਦੀ "ਫੁਲ ਬੌਟਮ ਵਿਗ" ਪਹਿਨਦਾ ਹੈ, ਅਤੇ ਕਾਲਾ ਰੇਸ਼ਮੀ ਗੌਣ ਪਾਉਂਦਾ ਹੈ। ਪ੍ਰੀਤਮ ਸਿੰਘ ਦੀ ਚਿਟੀ ਪਗੜੀ ਨੂੰ ਸੁਨਹਿਰੀ ਪੱਲਾ ਲਗ ਗਿਆ। ਉਸ ਦਿਨ ਤੋਂ ਉਹ "ਸਿਲਕ" ਆਖੇ ਜਾਣ ਲਗੇ। ਉਸ ਸਮੇਂ ਭਾਰਤ ਸਰਕਾਰ ਨੇ ਇਸ ਪਦਵੀ ਦੀ ਪ੍ਰਦਾਨਤਾ ਨੂੰ ਬਹੁਤ ਵੱਡਾ ਮਾਣ ਸਮਝਦਿਆਂ ਹੋਇਆਂ, ਪ੍ਰੀਤਮ ਸਿੰਘ ਨੂੰ ਇੰਡੀਆ ਆਉਣ ਦਾ ਨਿਮੰਤਰਨ ਦਿੱਤਾ ਅਤੇ ਉਨ੍ਹਾਂ ਨੂੰ ਬੜੇ ਪਿਆਰ ਤੇ ਗੌਰਵ ਨਾਲ ਸਨਮਾਨਿਤ ਕੀਤਾ। ਸੰ: ੧੯੭੭ ਵਿਚ ਭਾਰਤੀ ਸਰਕਾਰ ਬਦਲ ਗਈ। ਉਸਨੇ ਪ੍ਰੀਤਮ ਸਿੰਘ ਨੂੰ ਫਿਰ ਸੱਦਿਆ ਅਤੇ ਸਨਮਾਨਤ ਕੀਤਾ। ਸੰ: ੧੯੭੮ ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਪ੍ਰੀਤਮ ਸਿੰਘ ਦੇ ਮਾਣ ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਕ ਬਹੁਤ ਹੀ ਵਿਸ਼ਾਲ ਪੰਡਾਲ ਬਣਾ ਕੇ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਦੇ ਦਰਸ਼ਨ ਕਰਾਏ ਅਤੇ ਹੋਰ ਇਤਿਹਾਸਕ ਗੁਰਦਵਾਰਿਆਂ ਦੇ ਦਰਸ਼ਨ ਕਰਵਾਏ। ਸ੍ਰੋਪਿਆਂ ਦੀ ਬਖ਼ਸ਼ਿਸ਼ ਨਾਲ ਤਾਂ ਗੁਰੂ ਦਰਬਾਰਾਂ ਵਿਚੋਂ ਪ੍ਰੀਤਮ ਸਿੰਘ ਨੂੰ ਕਈ ਦਰਜਨਾਂ ਵਾਰ ਨਿਵਾਜਿਆ ਗਿਆ ਹੈ ਪਰ (ਅਜ ਵੀ) ਉਹ ਸਮਾਂ ਯਾਦ ਕਰਕੇ ਉਨ੍ਹਾਂ ਦੀਆਂ ਅੱਖਾਂ ਨਿਮਰਤਾ ਨਾਲ ਭਰ ਆਉਂਦੀਆਂ ਹਨ ਜਦੋਂ ਉਨ੍ਹਾਂ ਨੂੰ ਸਿੰਘ ਸਾਹਿਬ ਜੱਥੇਦਾਰ ਅਜਨਾਲਾ ਜੀ ਰਾਹੀਂ ਸ੍ਰੀ ਕੇਸਗੜ੍ਹ ਸਾਹਿਬ ਵਿਚ ਸ੍ਰੋਪਾ ਦੀ ਬਖ਼ਸ਼ਿਸ਼ ਹੋਈ। ਪ੍ਰੀਤਮ ਸਿੰਘ ਕਹਿੰਦੇ ਹੁੰਦੇ ਹਨ, ਕਿ ਉਸ ਸਮੇਂ ਉਨ੍ਹਾਂ ਦੇ ਸਰੀਰ ਵਿਚ ਇਕ ਐਸੀ ਝਰਨਾਹਟ ਪੈਦਾ ਹੋਈ ਸੀ, ਜਿਹੜੀ ਨਾ ਕਦੇ ਪਹਿਲਾਂ ਮਹਿਸੂਸ ਹੋਈ ਸੀ ਅਤੇ ਨਾ ਹੀ ਕਦੇ ਫੇਰ। ਬਾਹਰ ਸਾਰੇ ਹੀ ਫਰਸ਼ ਉਤੇ ਉਨ੍ਹਾਂ ਨੂੰ ਦਸਵੇਂ ਪਾਤਸ਼ਾਹ ਦੇ ਪੈਰਾਂ ਦੇ ਹੀ ਨਿਸ਼ਾਨ ਨਜ਼ਰ ਆਉਂਦੇ ਸਨ।

ਇੰਗਲੈਂਡ ਚੂੰਕਿ ਈ ਸੀ ਦੇ ਮੁਲਕਾਂ ਵਿਚੋਂ ਹੈ, ਇਸ ਲਈ ਪ੍ਰੀਤਮ ਸਿੰਘ ਨੂੰ ਯੂਰਪ ਦੇ ਹੋਰ ਮੁਲਕਾਂ ਵਿਚ ਵੀ, ਜਿਹਾ ਕਿ ਫਰਾਂਸ ਅਤੇ ਬੈਲਜੀਅਮ ਵਿਚਲੀਆਂ ਕੋਰਟਾਂ ਵਿਚ ਕੇਸ ਭੁਗਤਾਉਣ ਦਾ ਮੌਕਾ ਮਿਲਦਾ ਰਿਹਾ । ਉਹ ਹਰਿਆਣਾ ਅਤੇ ਪੰਜਾਬ ਦੇ ਅਤੇ ਕੀਨੀਆ ਦੀ ਹਾਈ ਕੋਰਟ ਦੇ ਐਡਵੋਕੇਟ ਭੀ ਸਨ । ਸੰ. ੧੯੭੫ ਵਿਚ ਉਨ੍ਹਾਂ ਨੇ ਯੌਰਕਸ਼ਾਇਰ ਦੀ ਚੈਂਬਰਜ਼ ਦੀ ਸ਼ਮੂਲੀਅਤ ਵੀ ਰੱਖੀ, ਪਰ ਲੰਦਨ ਵਿਚ ਆਪਣੀ ਖੁਦ ਦੀ ਚੈਂਬਰਜ਼ ਗ੍ਰੇਜ਼ ਇੰਨ ਵਿਚ ਖੋਲ ਲਈ । ਪਗੜੀ ਦਾਹੜੀ ਨਾਲ ਜਿਹੜੀਆਂ ਔਕੜਾਂ ਉਨ੍ਹਾਂ ਨੂੰ ਆਪ ਚੈਂਬਰਜ਼ ਵਿਚ ਜਗ੍ਹਾ ਹਾਸਲ ਕਰਨ ਲਈ ਝਲਣੀਆਂ ਪਈਆਂ ਸਨ, ਉਹ ਉਨ੍ਹਾਂ ਨੇ ਭੁਲਾ ਨਹੀਂ ਦਿੱਤੀਆਂ ਸਨ । ਨਵਾਂ ਚੈਂਬਰਜ਼ ਖੋਲਦਿਆਂ ਹੀ ਉਨ੍ਹਾਂ ਐਲਾਨ ਕਰ ਦਿੱਤਾ ਕਿ ਜੇ ਕਿਸੇ ਪਗੜੀ ਦਾਹੜੀ ਵਾਲੇ ਸਿੱਖ ਨੂੰ ਬੈਰਿਸਟਰ ਚੈਂਬਰਜ਼ ਵਿਚ ਜਗ੍ਹਾ ਨਹੀਂ ਮਿਲਦੀ, ਤਾਂ ਸਿੰਘ ਹੋਰੀਂ ਉਸ ਨੂੰ ਥਾਂ ਦੇਣਗੇ । ਨਤੀਜਾ ਇਹ ਹੋਇਆ ਕਿ ੧੫ ਬੈਰਿਸਟਰਾਂ ਵਿਚੋਂ ਉਨ੍ਹਾਂ ਦੀ ਚੈਂਬਰਜ਼ ਵਿਚ ੫ ਕੇਸਾਧਾਰੀ ਸਿੱਖ ਸਨ । ਉਨ੍ਹਾਂ ਬਾਰ ਦੇ ਉਨ੍ਹਾਂ ਵਿਦਿਆਰਥੀਆਂ ਲਈ ਜਿਨ੍ਹਾਂ ਦੀ ਮਾਦਰੀ ਜ਼ਬਾਨ ਅੰਗ੍ਰੇਜ਼ੀ ਨਹੀਂ ਸੀ, ਇਕ "ਪੀਤਮ ਸਿੰਘ ਕਿਉ-ਸੀ ਅਵਾਰਡ" ਕਾਇਮ ਕਰ ਦਿਤਾ । ਸੰ: ੧੯੮੨ ਵਿਚ ਉਹ ਪ੍ਰੈਕਟਿਸ ਤੋਂ ਰੀਟਾਇਰ ਹੋ ਗਏ ਤੇ ਆਪਣੇ ਬੱਚਿਆਂ ਕੋਲ, ਜਿਨ੍ਹਾਂ ਦੇ ਕੈਨੇਡਾ ਵਿਚ ਕਾਰੋਬਾਰ ਸਨ, ਸੈਟਲ ਹੋ ਗਏ । ਹੁਣ ਉਹ ਔਪੀਨੀਅਨ ਹੀ ਲਿਖਦੇ ਹਨ, ਕਚਹਿਰੀਆਂ ਵਿਚ ਨਹੀਂ ਜਾਂਦੇ । ਸਮਾਂ ਹੋਵੇ ਤਾਂ ਆਰਬਿਟਰੇਟਰ ਵਜੋਂ ਕੇਸ ਲੈ ਲੈਂਦੇ ਹਨ, ਵਰਨਾਂ ਧਿਆਨ ਵਧੇਰੇ ਪ੍ਰਵਾਰਕ ਬਿਜ਼ਨੈਸ ਵਿਚ ਹੀ ਲਗਾਉਂਦੇ ਹਨ ।

ਘਟ ਤੋਂ ਘਟ ਪਿਛਲੇ ੪੦ ਸਾਲਾਂ ਤੋਂ ਲਗਾਤਾਰ ਪ੍ਰੀਤਮ ਸਿੰਘ ਦੇ ਘਰ ਵਿਚ ਇਕ ਕਮਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵਾਸਤੇ ਰਾਖਵਾਂ ਰਿਹਾ ਹੈ । ਜਦੋਂ ਉਨ੍ਹਾਂ ਬਾਹਰਲੇ ਸ਼ਹਿਰਾਂ ਵਿਚ ਕੇਸ ਤੇ ਜਾਣਾ ਹੁੰਦਾ ਸੀ, ਤਾਂ ਗੁਰੂ ਸਾਹਿਬ ਦੀ ਸਫ਼ਰੀ ਬੀੜ ਨਾਲ ਲੈ ਕੇ ਜਾਂਦੇ ਸਨ । ਚੂੰਕਿ ਇੰਗਲੈਂਡ ਦੇ ਅੰਗਰੇਜ਼ਾਂ ਵਿਚੋਂ ਇਨ੍ਹਾਂ ਦੀ ਬਹਿਣੀ ਉਠਣੀ ਜ਼ਿਆਦਾ ਕਰਕੇ ਉਪਰਲੀ ਸ਼੍ਰੇਣੀ ਵਾਲਿਆਂ ਨਾਲ ਹੀ ਸੀ, ਇਕ ਖ਼ਾਸ ਗੱਲ ਇਹ ਦੇਖੀ ਗਈ ਸੀ ਕਿ ਇਨ੍ਹਾਂ ਨੂੰ ਘਰ ਮਿਲਣ ਆਉਣ ਵਾਲਾ ਹਰ ਅੰਗਰੇਜ਼ ਜੱਜ ਹੋਵੇ ਭਾਵੇਂ ਲਾਰਡ, ਬੂਟ ਲਾਹ ਕੇ, ਹੱਥ ਧੋ ਕੇ, ਸਿਰ ਢਕ ਕੇ, ਪਹਿਲਾਂ ਬਾਬਾ ਜੀ ਦੇ ਕਮਰੇ ਵਿਚ ਜਾ ਕੇ ਮੱਥਾ ਟੇਕਦਾ ਸੀ, ਉਸਤੋਂ ਬਾਦ ਡਰਾਇੰਗ ਰੂਮ ਵਿਚ ਆਕੇ ਗੱਪ ਸ਼ੱਪ ਲਈ ਸ਼ਾਮਲ ਹੁੰਦਾ ਸੀ । ਇਹ ਗੱਲ ਇਨ੍ਹਾਂ ਦੇ ਪੱਕੇ ਧਾਰਮਿਕ ਅਕੀਦੇ ਤੇ ਆਪਣੇ ਧਰਮ ਪ੍ਰਤੀ ਗੌਰਵ ਦੇ ਅਹਿਸਾਸ ਦੀ ਲਿਖਾਇਕ ਹੈ ।

ਸੰ: ੧੯੭੧ ਵਿਚ ਪ੍ਰੀਤਮ ਸਿੰਘ ਸ਼ੈਫੀਲਡ ਦੀ ਯੂਨੀਵਰਸਿਟੀ ਕੌਨਸਟੀਚੂਐਂਸੀ ਤੋਂ ਲਿਬਰਲ ਪਾਰਟੀ ਵਲੋਂ ਪਾਰਲੀਮੈਂਟ ਦੀ ਜਨਰਲ ਈਲੈਕਸ਼ਨ ਚੋਣ ਲੜੇ । ਇਹ ਪਹਿਲਾ ਮੌਕਾ ਸੀ ਕਿ ਆਮ ਅੰਗਰੇਜ਼ਾਂ ਨੇ ਪਗੜੀ ਤੇ ਦਾਹੜੀ ਵਾਲਾ ਸਿੱਖ ਪਾਰਲੀਮੈਂਟ ਦਾ ਕੈਂਡੀਡੇਟ ਦੇਖਿਆ ਸੀ, ਅਤੇ ਉਸਨੂੰ ਹੁਮ ਹੁਮਾਂ ਕੇ ਵੋਟ ਪਾਏ ਸਨ । ਉਹ ਅਜੇ ਅੰਗਰੇਜ਼ ਦੀ ਖੁਲਦਿਲੀ ਦਾ ਸਮਾਂ ਸੀ, ਤੁਅੱਸਬ ਦਾ ਉਬਾਲਾ ਤਾਂ ਕੁਝ ਦੇਰ ਪਾਕੇ ਆਉਣਾ ਸੀ ।

ਪਹਿਲਾਂ ਤਾਂ ਬੜੇ ਸਾਲ ਇੰਗਲੈਂਡ ਦੀਆਂ ਕੋਰਟਾਂ ਵਿਚ ਏਸ਼ੀਅਨ ਲੋਕ ਦਿਖਾਈ ਨਹੀਂ ਸਨ ਦਿੰਦੇ, ਪਰ ਜਿਉਂ ਜਿਉਂ ਆਬਾਦੀ ਵਧਦੀ ਗਈ, ਜ਼ਿਆਦਾ ਕਰਕੇ ਫੌਜਦਾਰੀ ਕੇਸਾਂ ਵਿਚ ਇਹ ਵੀ ਦਿਸਣ ਲਗ ਪਏ । ਕੋਰਟ ਵਿਚ ਹਰ ਕਿਸੇ ਨੂੰ ਬਾਈਬਲ (ਅੰਜੀਲ) ਤੇ ਸਹੁੰ ਚੁਕਾਈ ਜਾਂਦੀ ਸੀ । ਜਦੋਂ ਕੋਈ ਸਿਖ ਆਉਣੇ ਤਾਂ ਉਨ੍ਹਾਂ ਵਾਸਤੇ ਲਾਇਬ੍ਰੇਰੀ ਤੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਮੰਗਵਾ ਜਾਂ ਗੁਟਕਿਆਂ ਤੇ ਸਹੁੰ ਚੁਕਾਣ ਦੀ ਰਸਮ ਕਰਨ ਲਗ ਪਏ । ਪ੍ਰੀਤਮ ਸਿੰਘ ਨੇ ਯੌਰਕਸ਼ਾਇਰ ਦੀਆਂ ਕੋਰਟਾਂ ਵਿਚ ਇਤਰਾਜ਼ ਕੀਤਾ ਕਿ ਇਹ ਸਿੱਖਾਂ ਲਈ ਨਾਵਾਜਬ ਹੈ । ਸੋ ਉਨ੍ਹਾਂ ਤੋਂ ਸਹੁੰ ਚੁਕਾਉਣ ਦੀ

ਬਜਾਏ ਐਫੱਰਮ ਕਰਾਉਣਾ (ਜ਼ਬਾਨੀ ਪ੍ਰਤੱਗਿਆ) ਸ਼ੁਰੂ ਕਰ ਦਿੱਤਾ । ਹੌਲੀ ਹੌਲੀ ਕਈਆਂ ਕੋਰਟਾਂ ਨੇ ਮੁੜ ਗੁਟਕਿਆਂ ਤੇ ਸਹੁੰਆਂ ਚੁਕਾਉਣੀਆਂ ਸ਼ੁਰੂ ਕਰ ਦਿੱਤੀਆਂ । ਇਸ ਤੇ ਇਤਰਾਜ਼ ਕੀਤਾ ਤਾਂ ਇਹ ਮੁੜਕੇ ਬੰਦ ਕਰ ਦਿੱਤੀਆਂ ਪਰ ਕੁਝ ਸਾਲ ਹੋਏ ਪਤਾ ਲੱਗਾ ਹੈ ਕਿ ਲਾਇਬ੍ਰੇਰੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਮੰਗਵਾ ਕੇ ਉਸ ਉਪਰ ਸਹੁੰ ਚੁਕਾਉਣ ਲਗ ਪਏ ਹਨ । ਇਕ ਥਾਂ ਤੋਂ ਜਵਾਬ ਆਇਆ ਸੀ ਕਿ ਦੋ ਧਿਰਾਂ ਦਾ ਕੇਸ ਸੀ, ਪਰ ਇਕ ਧਿਰ ਕਹਿੰਦੀ ਸੀ ਕਿ ਉਹ ਤਾਂ ਸਿਰਫ਼ ਗੁਰੂ ਗ੍ਰੰਥ ਸਾਹਿਬ ਤੇ ਖਾਧੀ ਹੋਈ ਕਸਮ ਹੀ ਮੰਨਣਗੇ । ਪ੍ਰੀਤਮ ਸਿੰਘ ਯਾਦ ਕਰਦੇ ਹਨ, ਕਿ ਉਹ ਤੇ ਇਕ ਮੁਸਲਮਾਨ ਮੁੰਡਾ ਛੋਟੇ ਹੁੰਦੇ ਇਕੋ ਜਮਾਤ ਵਿਚ ਪੜ੍ਹਦੇ ਹੁੰਦੇ ਸਨ । ਕੁਝ ਸਾਲ ਹੋਏ, ਉਹ ਮੁਸਲਮਾਨ ਵੀ ਵਲੈਤ ਆ ਗਿਆ ਤੇ ਦੋਵੇਂ ਇਕ ਦੂਸਰੇ ਨੂੰ ਮਿਲ ਕੇ ਬੜੇ ਖੁਸ਼ ਹੋਏ । ਆਉਣਾ ਜਾਣਾ, ਮਿਲਣਾ ਮਿਲਾਉਣਾ ਚਾਲੂ ਹੋ ਗਿਆ । ਇਕ ਦਿਨ ਉਸ ਮੁਸਲਮਾਨ ਨੇ ਕਿਹਾ ਕਿ ਉਹ ਫਰੀਮੇਸਨ ਬਣਨਾ ਚਾਹੁੰਦਾ ਹੈ ਪਰ ਉਸਦੀ ਦਰਖਾਸਤ ਫਸੀ ਹੋਈ ਹੈ । ਤੁਸੀਂ ਪਾਸਟ ਮਾਸਟਰ ਹੋਂ, ਆਪਣੀ ਲੌਜ ਵਿਚ ਸਫਾਰਸ਼ ਕਰ ਦਿਉ । ਬੰਦਾ ਸ਼ਰੀਫ਼ ਸੀ, ਸੋ ਪ੍ਰੀਤਮ ਸਿੰਘ ਹੋਰਾਂ ਨੇ ਸਫਾਰਸ਼ ਕਰ ਦਿੱਤੀ ਤੇ ਉਸਨੂੰ ਮਨਜ਼ੂਰੀ ਦਾ ਖਤ ਆ ਗਿਆ । ਹੁਣ ਉਹ ਆਦਮੀ ਕਹਿਣ ਲੱਗਾ ਕਿ ਮੈਂ ਤਾਂ ਕੁਰਾਨ ਸ਼ਰੀਫ਼ ਤੋਂ ਬਿਨਾਂ ਹੋਰ ਕਿਸੇ ਕਿਤਾਬ ਤੇ ਸਹੁੰ ਨਹੀਂ ਚੁੱਕ ਸਕਦਾ । ਕਿੱਸਾ ਕੋਤਾ, ਉਸ ਨੂੰ ਕੁਰਾਨ ਸ਼ਰੀਫ਼ ਤੇ ਸਹੁੰ ਖਾਣ ਦੀ ਇਜਾਜ਼ਤ ਮਿਲ ਗਈ ।

ਪ੍ਰੀਤਮ ਸਿੰਘ ਹੋਰਾਂ ਨੂੰ ਬੜਾ ਖਿਆਲ ਰਹਿੰਦਾ ਹੈ, ਕਿ ਸਿੱਖ ਵਿਰਸੇ ਨਾਲ ਸਬੰਧਿਤ ਲਿਖਤਾਂ ਤੇ ਚੀਜ਼ਾਂ ਨੂੰ ਇਕੱਠੇ ਕਰਕੇ ਤੇ ਸਾਂਭ ਸੰਭਾਲ ਨਾਲ ਆਉਂਦੀਆਂ ਪੀੜ੍ਹੀਆਂ ਦੀ ਗਿਆਤ ਅਤੇ ਗਿਆਨ ਲਈ ਸੁਰੱਖਿਅਤ ਕਰਨਾ ਚਾਹੀਦਾ ਹੈ । ਇਕ ਵਾਰ ਉਹ ਚੀਨ ਗਏ ਤਾਂ ਜਿੱਥੇ ਗ੍ਰੇਟ ਵਾਲ ਨੂੰ ਦੇਖ ਕੇ ਬੜੇ ਪ੍ਰਸੰਨ ਹੋਏ, ਉਥੇ ਸ਼ੰਘਾਈ ਤੇ ਹੋਰ ਸ਼ਹਿਰਾਂ ਦੇ ਗੁਰਦਵਾਰਿਆਂ ਦੇ ਦਰਸ਼ਨ ਕਰਕੇ ਉਨ੍ਹਾਂ ਦਾ ਮਨ ਬੜਾ ਉਦਾਸ ਹੋਇਆ । ਬੈਂਗਕੌਕ ਗੁਰਦਵਾਰਾ ਸਾਹਿਬ ਦੀ ਸੋਨੇ ਦੀ ਬਣੀ ਹੋਈ ਅਤੀ ਸੁੰਦਰ ਨਵੀਂ ਪਾਲਕੀ ਦੇ ਉਦਘਾਟਨ ਉਤੇ ਉਨ੍ਹਾਂ ਨੂੰ ਸੱਦਾ ਪੱਤਰ ਆਇਆ । ਪਹਿਲੀ ਵਾਰੀ ਉਨ੍ਹਾਂ ਨੇ ੧੧ ਅਖੰਡ ਪਾਠ ਇਸ ਤਰਤੀਬ ਤੇ ਨਿਮਰਤਾ ਨਾਲ ਇਕੱਠੇ ਹੁੰਦੇ ਦੇਖੇ ਤੇ ਸੁਣੇ ਸਨ । ਬੀਬੀਆਂ ਦੀ ਸੇਵਾ ਤੋਂ ਉਹ ਬਹੁਤ ਹੀ ਮੁਤਾਸਰ ਹੋਏ । ਜਦ ਕਦੇ ਯਾਦ ਆਉਂਦੀ ਹੈ ਤਾਂ ਫਿਕਰ ਕਰਦੇ ਹੁੰਦੇ ਹਨ ਅਤੇ ਆਖਦੇ ਹਨ : ਸੰਗਤ ਦੀ ਐਨੀ ਘਾਲ ਘਾਲੀ ਦੀ ਵਾਹਿਗੁਰੂ ਰੱਖਿਆ ਕਰਨ । ਕਈ ਵਾਰ ਬੜੀ ਸ਼ਰਧਾ ਤੇ ਸਤਿਕਾਰ ਨਾਲ ਕਰਤਾਰਪੁਰ ਸਾਹਿਬ (ਸ਼ੇਖੂਪੁਰੇ) ਗਏ, ਪਰ ਹਰ ਫੇਰੀ ਵਿਚ ਪਹਿਲੇ ਨਾਲੋਂ ਬੁਰੀ ਹਾਲਤ ਦੇਖਕੇ ਦੁਖੀ ਹਿਰਦੇ ਨਾਲ ਹੀ ਮੁੜਦੇ ਰਹੇ । ਉਹ ਕਹਿੰਦੇ ਹੁੰਦੇ ਹਨ, ਕਿ ਮੇਰੇ ਜੀਵਨ ਦੀ ਇਕੋ ਆਸ ਬੇਆਸ ਹੋਈ ਹੈ, ਕਿ ਮੈਂ ਵੇਲੇ ਸਿਰ ਆਪਣਾ ਅਸਰ ਰਸੂਖ ਵਰਤ ਕੇ, ਆਪਣੇ ਗੁਰੂ ਬਾਬੇ ਦੇ ਜੋਤੀ ਜੋਤ ਸਮਾਉਣੇ ਦੀ ਪਾਕ ਜਗ੍ਹਾ ਨੂੰ ਉਨ੍ਹਾਂ ਦੀ ਸ਼ਾਨ ਨੂੰ ਸੁਹਾਉਂਦੀ ਨਾ ਬਣਵਾ ਸਕਿਆ । ਉਹ ਹਮੇਸ਼ਾ ਦ੍ਰਿੜ੍ਹ ਵਿਸ਼ਵਾਸ ਨਾਲ ਕਹਿੰਦੇ ਹਨ, ਕਿ ਧਾਰਮਕ ਅਸੂਲਾਂ ਕਰਕੇ ਸਿੱਖ ਧਰਮ ਸੱਚੀਂ ਮੁੱਚੀਂ ਇਕ ਸਾਰਵਿਲੌਕਿਕ ਮਤ ਹੈ, ਪਰ ਇਸਦੀ ਸਹੀ ਸਮਝ ਤੇ ਪ੍ਰਚਾਰ ਕਰਨ ਵਾਲੇ ਬਹੁਤ ਥੋੜੇ ਹਨ ।

ਜਦੋਂ ਵੀ ਆਪਨੂੰ ਆਪਣੀ ਉਪਜੀਵਕਾ ਦੇ ਰੁਝੇਵਿਆਂ ਤੋਂ ਵਿਹਲ ਮਿਲਦੀ ਹੈ ਤਾਂ ਉਹ ਸੁਭਾਵਕ ਹੀ ਗੁਰਬਾਣੀ ਦਾ ਰਸ ਮਾਨਣ ਲਗ ਜਾਂਦੇ ਹਨ । ਆਪ ਪੜ੍ਹ ਕੇ, ਕਿਸੇ ਕੋਲੋਂ ਸੁਣਕੇ ਅਤੇ ਗੁਰਮੁਖਾਂ ਨਾਲ ਵਿਚਾਰ ਵਟਾਂਦਰਾ ਕਰਕੇ ਉਨ੍ਹਾਂ ਨੂੰ ਅਨੋਖਾ ਨਿੱਘ ਮਿਲਦਾ ਹੈ ਅਤੇ ਹਮੇਸ਼ਾਂ ਹੋਰ ਧਰਮਾਂ ਵਾਲਿਆਂ ਨੂੰ ਅੰਗਰੇਜ਼ੀ ਜਬਾਨ ਵਿਚ ਸਿੱਖ ਧਰਮ ਬਾਰੇ ਵਾਕਫ਼ੀ ਕਰਾਉਣ ਵਿਚ ਖੁਸ਼ੀ ਮਹਿਸੂਸ ਕਰਦੇ ਹਨ । ਅਗਲੇ ਪੰਨਿਆਂ ਵਿਚ ਨਮੂਨੇ ਵਜੋਂ, ਉਨ੍ਹਾਂ ਦੇ ਕੁਝ ਬੋਲ ਤੇ ਲਿਖਤਾਂ ਪੇਸ਼ ਹਨ । ਇਨ੍ਹਾਂ ਤੋਂ ਸਾਫ਼ ਜ਼ਾਹਰ ਹੈ ਕਿ ਪ੍ਰੀਤਮ ਸਿੰਘ ਨੂੰ ਸਿੱਖ ਧਰਮ ਦਾ ਖਾਸਾ ਗੂੜ੍ਹਾ ਗਿਆਨ ਹੈ ਅਤੇ ਗੁਰਮਤ ਦੀ

ਜੀਵਣੀ ਵਿਚ ਇਨ੍ਹਾਂ ਨੇ ਆਪਣਾ ਸਾਰਾ ਸਰਮਾਇਆ ਲਾ ਦਿੱਤਾ ਹੋਇਆ ਹੈ । ਪਰਵਾਰ ਵਿਚ ਸਿੱਖ ਰਵਾਇਤਾਂ ਦੇ ਪ੍ਰਭਾਵ ਅਤੇ ਵਲੈਤ ਦੇ ਵਾਤਾਵਰਨ ਵਿਚੋਂ ਮੱਤਵ ਦੀ ਈਮਾਨਦਾਰੀ ਦੇ ਨਾਲ ਨਾਲ. ਪ੍ਰੋਫੈਸ਼ਨਲ ਈਮਾਨਦਾਰੀ ਦੇ ਗੁਣਾਂ ਨੂੰ ਗ੍ਰਹਿਣ ਕਰਨ ਕਰਕੇ ਸ: ਪ੍ਰੀਤਮ ਸਿੰਘ ਪੂਰਬ ਤੇ ਪੱਛਮ ਦੀਆਂ ਸੱਭਿਆਤਾਵਾਂ ਦਾ ਸੰਗਮ ਬਣ ਗਏ ਹਨ । ਜਿਸ਼ ਇਨਸਾਨ ਵਿਚ ਪੂਰਬ ਦੇ ਜੀਵਨ ਦੀ ਰੂਹਾਨੀਅਤ ਅਤੇ ਪੱਛਮ ਦੇ ਜੀਵਨ ਦੀ ਸੰਘਰਸ਼ ਵਾਲੀ ਰੁਚੀ ਹੋਵੇ ਤਾਂ ਉਹ ਵਿਲੱਖਣਤਾ ਦਾ ਮੁਜਸਮਾ ਬਣ ਜਾਂਦਾ ਹੈ । ਇਨ੍ਹਾਂ ਗੁਣਾਂ ਦੇ ਸੁਮੇਲ ਸਦਕਾ ਸ: ਪ੍ਰੀਤਮ ਸਿੰਘ ਨੇ ਵਿਦੇਸ਼ਾਂ ਵਿਚ ਘਟ ਗਿਣਤੀ ਵਾਲੀਆਂ ਹੋਰ ਕੌਮਾਂ ਦੇ ਲੋਕਾਂ ਦੇ ਨਿਜੀ ਤੇ ਸਮੂਹਕ ਹੱਕਾਂ ਦੀ ਅਦਾਲਤਾਂ ਵਿਚ ਪੈਰਵੀ ਕੀਤੀ ਹੈ । ਇਸ ਤਰ੍ਹਾਂ ਸਰਬਤ ਦੇ ਭਲੇ ਨੂੰ ਆਪਣੇ ਅਮਲਾਂ ਵਿਚ ਢਾਲ ਕੇ ਵਿਖਾਇਆ ਹੈ । ਹੈਰਾਨੀ ਦੀ ਗੱਲ ਤਾਂ ਇਹ ਹੈ ਕਿ, ਆਪਣੀ ਹਿਆਤ ਦਾ ਬਹੁਤ ਵੱਡਾ ਹਿੱਸਾ ਇਨ੍ਹਾਂ ਨੇ ਪੱਛਮ ਵਿਚ ਤੇ ਉਹ ਵੀ ਪਛਮੀ ਸੱਭਿਅਤਾ ਵਾਲੇ ਬੰਦਿਆਂ ਨਾਲ ਗੁਜ਼ਾਰਿਆ ਹੈ, ਫਿਰ ਵੀ ਗੁਰਮਤਿ ਦਾ ਸਾਥ ਨਹੀਂ ਛੱਡਿਆ । ਬੜੀ ਸ਼ਰਧਾ ਤੇ ਲਗਨ ਨਾਲ ਗੁਰਬਾਣੀ ਨੂੰ ਵਾਚਿਆ ਅਤੇ ਵਿਚਾਰਿਆ ਹੈ । ਜਿਸ ਸਰਲਤਾ ਨਾਲ ਇਹ ਹਰ ਸ਼੍ਰੈਣੀ ਦੇ ਬੰਦਿਆਂ ਨਾਲ ਮਿਲਵਰਤਨ ਕਰ ਲੈਂਦੇ ਹਨ, ਇਕ ਸੰਤੁਸ਼ਟ ਅਤੇ ਸਵੈ-ਭਰੋਸੇ ਵਾਲੇ ਪੁਰਸ਼ ਦੇ ਹੀ ਕਰਤੱਵ ਹਨ । ਇਨ੍ਹਾਂ ਦੇ ਜੀਵਨ ਦੀਆਂ ਠੋਸ ਪ੍ਰਾਪਤੀਆਂ ਨੂੰ ਵੇਖ ਕੇ ਕੁਦਰਤ ਦਾ ਚਮਤਕਾਰ ਪ੍ਰਤੀਤ ਹੁੰਦਾ ਹੈ । ਵਾਹਿਗੁਰੂ ਦੀ ਬਖ਼ਸ਼ਿਸ਼ ਸ: ਪ੍ਰੀਤਮ ਸਿੰਘ ਦੇ ਵਿਅਕਤਿਤਵ ਦੇ ਅਨੇਕ ਗੁਣਾਂ ਦਾ ਭੇਤ ਖੋਲ੍ਹਦੀ ਹੈ । ਉਹ ਆਪਣੀ ਸਾਰੀ ਜ਼ਿੰਦਗੀ ਵਿਦੇਸ਼ਾਂ ਦੀ ਲਿਸ਼ਕ ਹਸ਼ਕ ਤੇ ਭੜਕਾਹਟ ਵਾਲੇ ਵਾਤਾਵਰਨ ਵਿਚ ਬਿਤਾਉਂਦੇ ਹੋਏ ਵੀ ਆਪਣੇ ਸਿਦਕ ਤੇ ਪਰੰਪਰਾ ਉਤੇ ਅਡੋਲ ਰਹੇ ਹਨ । ਇਹ ਗੱਲ ਦੇਸ ਅਤੇ ਪਰਦੇਸਾਂ ਵਿਚ ਵਸਦੇ ਸਿੱਖਾਂ ਲਈ ਵਿਸ਼ੇਸ਼ ਪ੍ਰੇਰਨਾ ਦਾ ਸ੍ਰੋਤ ਹੈ।

ਸ਼ੁਭ ਇਛਾਵਾਂ ਅਤੇ ਆਦਰ ਨਾਲ

ਅਮਰੀਕ ਸਿੰਘ ਸੰਘਾ (P.E.S. Retd)°

੨੩੮-੪ ਭਾਈ ਰਣਧੀਰ ਸਿੰਘ ਨਗਰ
ਲੁਧਿਆਣਾ

° Professor A.S. Sangha M.A., P.E.S., is a distinguished educationist and award winning author of "ਚੇਤਨ ਕਿਰਣਾਂ"।।

Baisakhi of the Khalsa Panth

Introduction

The long history of mankind has recorded wisdoms of many sages and it has come down to us, both as oral traditions and in writing, from the earliest period of civilisation. Formerly, the peoples' beliefs were mainly concerned with natural and environmental phenomena. It took quite a while before man came to the realisation that God is the Creator, and that everything functions in accordance with His will. The wisdoms of the sages primarily operated in the area that lay within the influencial jurisdiction of a particular seer. It would start off in as little an area, as that of a parish. From there, it could extend to a Province or State. Depending upon its acceptability, the ideology could then embrace a whole Country.

The Romans held sway over a large part of the landmass of Europe. Alexander of Macedonia was able to lay claim to great stretches of territory of many countries. Yet both these empires remained unsaturated by the touch of God. By effluxion of time, however, all the mighty rulers died and their erstwhile empires crumbled. In some cases the degeneration and destruction came about through greed, avarice and lack of morality. As is the nature of the World, however, the process of regeneration and rethinking started all over again.

The wisdom of China, the wisdom of Zoroaster, the wisdom of Judaism, the wisdom of Christianity and that of Islam, from their inception, were all very beneficial to humanity. Inevitably, alongside such wisdoms, there have existed and thrived the innate cravings of the people, towards things and attributes that are essentially material. The sages cautioned the people against the consequences of such fatal and puerile attractions, but these words of good counsel usually fell on deaf ears. In fact, such attractions and allurements have been so powerful and pervasive that these have obscured all those vital considerations that would otherwise have reduced the cravings of the people and, diverting them away from temptation, would have led them towards

embracing the laws of God. It was conveniently forgotten that all of mankind is the creation of one God, and that territorial boundaries demarcated by man were false. Similarly obnoxious was the practice of prejudice for or against other human beings. It was self interest among people and nations that started and fuelled conflicts. Consequently many conflicts that should have been avoided, were fostered with enthusiasm. Some of these wars were so serious that they destroyed so much life and valuable resources, as to cause bankruptcy of the peoples' moral values. In many cases, these conflicts went on for so long that many generations had to bear their brunt.. There were others that involved many countries.

Besides these wars, there were natural catastrophes and calamities that caused millions of human beings to perish. In such cases, people were quick to lay the blame at God's door. The general stated belief used to be that the affliction is caused to the whole humanity, as a punishment from God. Alongside such tragic occurrences, there were the visitations of cruel invaders like Jenghiz Khan, or the so called vandals, who committed murder, pillage and arson involving innocent people on a very large scale. However, through all this chaos and uncertainty there has always been perceived a golden thread of the wisdom of the sages, to which mankind, in desperation, has reverted in the last resort, always obtaining succour and deriving beneficial results. That is what religion is for.

It is said that no one can tell at what precise point religion begins, but, it is certainly like a flowing river, which as it winds downstream, many a stream come and join it on the way, and so swell its volume, that it all rushes on, until it merges into the mighty ocean. That mighty ocean, symbolically represents God and His domain. Guru Nanak (the founder of the Sikh religion), describes in awe its vastness and says in one of his hymns :

ਤੂ ਦਰੀਆਉ ਦਾਨਾ ਬੀਨਾ, ਮੈ ਮਛੁਲੀ ਕੈਸੇ ਅੰਤੁ ਲਹਾ ?
(ਸਿਰੀਰਾਗੁ ਮਹਲਾ ੧, ਘਰ ੪) Page 25

Toon dariao dana beena, mein machhli kaise ant lahan?
Addressing the Lord, the fish says, "O Lord, You are wise and wonderful. How can I, a small fish, can understand and describe Your vast dimensions ?

Historical background

Humanity in the sub-continent of India, had the same basic traits, aspirations and shortcomings, but it developed within different environments. Meandering across Europe and Asia Minor, the Indo-Aryans came and finally settled in Northern India, circa 1500 B.C. In those times, they did not have an organised religious system; but in the course of the succeeding Centuries, they developed the Vedic religion, generally known as "Hinduism". In order to maintain the purity of their race, and to better use the talents of their available manpower, they divided their people into four classes, according to individual abilities. As time went by, however, these classifications became fixed and rigid, and are known as Varnas (Castes). People belong to these castes on the basis of their birth, and mobility from one caste category to another is impossible. The aboriginal natives of the country were not deemed eligible to be admitted into the Caste system. They were, therefore, called Avarnas ("not castes"). They were allocated menial, dirty and insanitary jobs and were excluded from all social contact. The reason for their having been born Avarnas was proclaimed by the Hindu heirarchy to be the punishment for their bad behaviour in their former life. Strangely the Avarnas accepted it as their Karma.

Gautama (known as the Buddha), circa 500 B.C. revolted against this unjust classification of mankind, which had resulted in demeaning a large section of humanity. He proclaimed equality for all; but he did not accept the existence of a Supreme Being. This Buddhist philosophy appealed to the people at grass roots, and the Buddhist religion soon overshadowed Vedism. The government of the Buddhists held sway in the Sub-Continent for some 700 years, and covered an Indian land mass that has never been equalled by any other people. However, as a result of a renaissance in Hinduism, that religion re-asserted itself as Brahminical Hinduism. The consequence was to bring back the caste system, this time with even greater severity. Buddhism was thereby almost banished from India, and the caste system has continued to be practised to this day.

Some 500 years before the arrival of the Indo Aryans, there flourished in Harappa & Mohenjadaro another civilisation, ostensibly advanced than that of the Indo Aryans. But as the latter became

numerous and stronger, the former were forced into extinction. Although the racial preponderance in Southern India is that of the Dravidians, the Caste system has infected their social and religious fabric as well.

Before and after the Christian Era, many an invader forced their way into India. Some, like Alexander of Macedonia returned; but others like the Mughals, made it their home. Among earlier such invaders were the hordes of Scythians, tribes that originated in Central / Upper Asia, that had been forced by the construction of the Great Wall of China and other pressures, to vacate their traditional pasture lands. They were the then World's first horse riders, and with that unique power of mobility, they spread to and occupied lands in Hungary and Ukraine; Scandinavia and France; and through Iran, they invaded India. It was the period when the Buddhist religion and government prevailed in India, but were in a weakened and declining stage.

Hindus, Buddhists, Muslims and Jats

The major part of the Scythians was known as Massa Getae (In India, simply called "Jats"). They opted to settle down in the warmer and congenial climates of India, particularly the Land of the Five Rivers. For them, the "caste" and "untouchability" systems, then in the process of being strictly reimposed by the emerging Brahaminical Hinduism in India, were totally alien; and they found great difficulty in adjusting to the changes being made in the prevailing social conditions. They were not a religious people, and did not have any temples or priests. Being an alien people, bound together by their own traditions and cultures, they became a big thorn in the side of Brahaminical Hinduism. To mitigate the effect of their open hostility, the revived Hindu religion tried to accommodate some of them, by offering to include them in the lowest Varna, the "Sudra" caste. As that did not satisfy the aspirations of all of them, the vast majority remained uncommitted, until after the advent of Islam (particularly circa 1001 A.D). Many of them became attracted to that religion, (a) because it had no caste system; and (b) because it offered equality and freedom in all forms of activity. Consequently, in the Northern and North Western areas of India (now mostly Pakistan), there are to be found many Muslim Jats. In Gujerat and Kathiawar, almost all of them accepted Hinduism.

However, experiencing and observing the atrocities being committed upon innocent people, and the cruel oppression of the subjected population by the waves of the Islamic invaders, the uncommitted Jats preferred to remain so. In the Guru Granth Sahib, Guru Nanak has recorded the atrocities that he had himself observed during the time of Babar:

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥

(ਰਾਗ ਤਿਲੰਗ ਮ:੧) Page 722

Paap ki janj laiy kablon dhayia, jori mangey daan, ve Lalo.

(Raag Tilang M-1)

(Babar) has come from Kabul, with a marriage-party of evil (to conquer India). He is forcibly demanding payment. (1)

ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥

(ਰਾਗ ਤਿਲੰਗ ਮ ੧)Page 723

Kayia kappr tuk tuk hosi, hindustan smalsi bola

(Raag Tilang M-1).

People are being torn to shreds. It is such a catastrophe that Hindustan will not be able to forget. (2)

Guru Nanak was born in 1469 at Nankana Sahib, situated in the Punjab province of West Pakistan. He was succeeded by nine Gurus :

Gurus	**Born**	**Gurgaddi**
Guru Angad Dev	1504	1539-1552
Guru Amardas	1479	1552-1574
Guru Ramdas	1534	1574-1581
Guru Arjan Dev	1563	1581-1606
Guru HarGobind	1595	1606-1644
Guru Har Rai	1630	1644-1661
Guru Har Krishan	1656	1661-1664
Guru Teg Bahadur	1621	1664-1675
Guru Gobind Singh	1666	1675-1708

Travels of Guru Nanak

Guru Nanak Dev undertook four Udasis (travels) covering India and abroad. He visited various centres of Hindus, Buddhists, Jainis,

Sufis, Yogis and Sidhas. He met people of different religions, tribes, cultures and races. He travelled on foot or boat with his Muslim companion named Mardana, a minstrel.

Guru Nanak had decided to travel and see for himself the effect on the people of other systems of religious belief. He could also propagate the tenets of his own philosophy. He started at the age of 28 years, and in all, he undertook four journeys. First, he visited the areas of the Punjab and Central India. The second, took him to the South and to Ceylon (Sri Lanka). In the third, he took himself North to Sikkim, Bhutan and Tibet. The fourth, he went West to Mecca through Baluchistan. After visiting Iraq and Iran, he wended his way back via Kandhar and Kabul. In Hasan Abdal, there is a Sikh Gurdwara called "Panja Sahib." At age 53, he returned to Kartarpur Sahib, where he remained until his demise in 1539.

Throughout his travels, he met with the ordinary people as well as the leading lights. He engaged in religious discourses and discussions and his simple, logical ways won over even the most prejudiced and bigoted persons. He gained a complete insight into the thoughts of many sects and religions and he was able to direct people to One God, the Creator, and to put their faith firmly in Him, to the exclusion of all others.

"There is a reason to believe, "writes Cunningham, the historian "that in his youth he, (Guru Nanak)made himself familiar with the popular creeds both of Mohammadans and the Hindus and that he acquired a good general knowledge of the Quran and Brahmanical Shastras."

About himself, Guru Nanak says, in Salok Mahla 2 -

(ਪਉੜੀ) - ਹਉ ਢਾਢੀ ਵੇਕਾਰੁ ਕਾਰੈ ਲਾਇਆ ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥
ਢਾਢੀ ਕਰੇ ਪਸਾਉ ਸਬਦੁ ਵਜਾਇਆ ॥
ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥ ੨੭ ॥ Page 151

I was a minstrel, out of work, the Lord took me into His service. Many a time, the order came, day and night, from the Source (the Lord). My Master summoned me, His minstrel, to the True Presence. He gave me the robes of His True Praise and Glory. The Nectar of the True Name has become my food. Those who eat the food of the Guru's Teachings, and are satiated, they find peace. His minstrel spreads His Glory, singing the Word of His Shabad. Nanak says, I have obtained the praise of His Perfection ॥ ੨੨ ॥ ॥

Formation of Sangat

Guru Nanak established Dharamshalas, at which the devotees gathered for holy communion. These institutions later became known as Gurdwara (House of the Guru). The congregation is called Sangat. The Gurus expected the Sikhs to live normal family lives, and play their full part in responsible functions of the society. They were encouraged to practise their religion, not as mere individuals, but in congregations. In this way they would enhance their own understanding and that of the others by regularly deliberating on the Gurus' teachings. In these Sangats, Japji is recited in the morning, the Sodar (Rehras) in the evening and Kirtan Sohila at night before retiring. Divine songs (Kirtan) are sung in the morning as well as in the evening. Entry to Gurdwaras is free and is open to all, without discrimination. A Sikh Sangat is an independent entity, charged with propagating the religious and social principles laid down by the Gurus.

Supremacy of God

In the past, religious leaders began by recognising God, but on attaining popularity, many of them soon put the stamp of their own personalities, and instead of propagating the supremacy of God, they designated themselves as the deities. In that way, they proclaimed themselves to be the ones to be worshipped. Commenting on such historical misrepresentations of the religious leaders of yore, Guru Gobind Singh says:

ਪਰਮਤਤ ਕਿਨਹੂੰ ਨ ਪਛਾਨਾ ॥
ਆਪ ਆਪ ਭੀਤਰਿ ਉਰਝਾਨਾ ॥
ਤਬ ਜੇ ਜੇ ਰਿਖਿ ਰਾਜ ਬਨਾਏ ॥
ਤਿਨ ਆਪਨ ਪੁਨ ਸਿੰਮ੍ਰਿਤ ਚਲਾਏ ॥
(ਬਚਿਤ੍ਰ ਨਾਟਕ ੬, ੧੭)

Parmtatt kinhu na pechhana,
aap aap bheetre urjhana.
Tab jey jey rikhi raaj bnaye,
tin aapn pun simrit chlaye
(Bachitra Natak, VI, 17)

No one was able to recognise Waheguru (God); All got entangled in their own personalities. God created saints and kings (to propagate His supremacy); instead, they promoted themselves and their own preachings. (3)

ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ ॥
ਤਿਨ ਤਿਨ ਕ੍ਰਿਆ ਬ੍ਰਹਮ ਕੀ ਤਿਆਗੀ ॥
ਜਿਨਿ ਮਨੁ ਹਰਿ ਚਰਨਨ ਠਹਿਰਾਯੋ
ਸੋ ਸਿੰਮ੍ਰਿਤਨ ਕੇ ਰਾਹ ਨ ਆਯੋ ॥
(ਬਚਿਤ੍ਰ ਨਾਟਕ (੬, ੧੮)

Je simritan ke bhaye anuragi,
tin tin kriya brahm ki tyagi.
Jin mann hari charnan thehrayio,
so simritan ke rah na aayo
(Bachitra Natak-VI,18).

Those who followed such (self-promoting) preachers, abandoned the worship of God, but others who put their faith in God, did not pursue the self-promoting preachings of these people. (4)

None of the Sikh Gurus promoted his own personality; one and all, they proclaimed the superiority of God. Without exception, they all described themselves as being the servants of God. Consequently, the Sikh religion consists of a firm belief in One God, the Creator. It is His Word that is supreme, and only those who live according to His hukam (command) may attain to Him. The principle is:

ਬਾਣੀ ਗੁਰੂ ਗੁਰੂ ਹੈ ਬਾਣੀ ॥ ਵਿਚ ਬਾਣੀ ਅੰਮ੍ਰਿਤ ਸਾਰੇ ॥
(ਨਟ ਮਹਲਾ ੪)Page 983

Bani Guru, Guru hai bani; vich Bani amrit sarey.
(Nat M: 4)

The Word (of the Lord) is the Guru (the Lord), not the persons who write it. (5)

Guru Gobind Singh says :-

(ਨਰਾਜ ਛੰਦ) ਕਹਿਯੋ ਪ੍ਰਭੂ ਸੁ ਭਾਖਿ ਹੋ ॥
ਕਿਸੂ ਨ ਕਾਨ ਰਾਖਿ ਹੋ ॥
ਕਿਸੂ ਨ ਭੇਖ ਭੀਜ ਹੋ ॥
ਅਲੇਖ ਬੀਜ ਬੀਜ ਹੋ ॥
(ਬਚਿਤ੍ਰ ਨਾਟਕ ੬, ੩੪)

Kahiyo prabhu so bhakh hoon;
kisu na kan raakh hoon;
kisu na bhekh bheej hoon;
alekh beej beej hoon.
(Bachitra Natak-VI,34).

I am saying what Waheguru (God) has told me. I do not care for anyone else. I will not get involved in the guise (preachings) of others. I will sow into the minds (of people) the seed of God alone. (6)

Says Guru Nanak:

> ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ ॥
>
> (ਰਾਗ ਤਿਲੰਗ ਮ ੧)Page 782
>
> *Jaisi mae aavey khasam ki bani, taisrra kari gyan vey Lalo*
>
> *(Raag Tilang: M-1)*

As the Word of the Lord comes to me, so O! Lalo, take note of it. (7)

The Guru Granth Sahib opens with the Mool Mantra, or basic belief :

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ॥ ਗੁਰ ਪ੍ਰਸਾਦਿ॥

> *There is but One God; His Name is Truth; He is the Maker of all;*
> *He is all-pervading; He is without fear; He is without enmity;*
> *He is not born, being immortal; He is self-existent;*
> *He can be reached by Guru's Grace.*

In the Mool Mantra, Guru Nanak has given the description of the God, Whom he himself worships; Whom, he says, can be reached by following the precepts laid in the Gurus' writings (Gurbani). In his Jaap Sahib, Guru Gobind Singh states the same in his own words. The eight other Gurus propagated the same, so that the recitation of His Name, and an unequivocal belief in Him, to the exclusion of all persons who are subject to births and deaths, is the cardinal principle of faith for the Gurus' Sikhs.

The underlying concept of the Gurus' teachings is that mankind must rid itself of lust, anger, desire, attachment and pride and immerse oneself totally to living a virtuous life. The Sikhs had the benefit of 239 years of unbroken guidance of their ten Gurus. The Gurus made it clear that traversing the highway to God is not a simple, easy thing to do. Guru Nanak said:

ਜਉ ਤਉ ਪ੍ਰੇਮ ਖੇਲਨ ਕਾ ਚਾਉ ॥	*Jo tao prem khelan ka chao,*
ਸਿਰ ਧਰਿ ਤਲੀ ਗਲੀ ਮੇਰੀ ਆਉ ॥	*sir dhar talli, galli mori aao.*
ਇਤ ਮਾਰਗੁ ਪੈਰੁ ਧਰੀਜੈ ਸਿਰ	*It marge paer dhrijay siru*
ਦੀਜੈ ਕਾਣ ਨ ਕੀਜੈ ॥	*dijay kaann na keejay.*
(ਸਲੋਕ ਵਾਰਾ ਤੇ ਵਧੀਕ ਮ : ੧, ੨੦ (ਪੰਨਾ ੧੪੧੨))	*(Slok Varaan te vadhik, M-1, 20).*

If you desire to play the game of (God's) love, then (cut off) your head, and placing it on your palm, come into my lane. You can go this way, only when in offering your head, there remains no reluctance on your part. (8)

To the exclusion of his own sons, whom he did not deem to be worthy, Guru Nanak selected Bhai Lehna, the most meritorious of his disciples, as his successor and named him Guru Angad. Thereafter, he bowed before the second Nanak, acknowledging his exalted status. In 1699 A.D.Guru Gobind Singh, after annointing the Panj Piaray (the Five Beloved Ones), into the brotherhood of the Khalsa, sought from them a similar initiation for himself. Bhai Gurdas II eulogises the Guru for his humility:

ਵਹੁ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ ॥ ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

(ਵਾਰ ਭਾਈ ਗੁਰਦਾਸ ੨)

Veh pargattio mard aggamrra, varyam akela; Vah Vah Guru Gobind Singh, aape gur cheila.

(Hail be to Guru Gobind Singh, who is a guru as well as a disciple). (9)

One day before his demise, Guru Gobind Singh invested the holy Granth Sahib as the Guru, and bowed before it, to acknowledge it's exalted status. Guru Gobind Singh consistently and clearly demonstrated that in all his actions, he continued to uphold the traditions and principles established by his predecessors.

Cardinal Virtues for Mankind

Guru Nanak's religion held a particular appeal for people who were genuinely opposed to the "caste" system of Brahminical Hinduism, and for those others who were actually the victims of it. It also found favour with those who were tired of mere religious rituals, and who wanted to find a way to God. The nine Gurus who succeeded Guru Nanak,

continued to propagate, with conviction and diligence, his theology; and in the 239 years of their personal teachings, they wrought into the Sikh religious system all the attributes that were necessary for Sikhism to be recognised as a great and independent religion of the World.

Dr Trilochan Singh sums up the cardinal virtues that Guru Nanak laid down for the practice of religious and personal discipline of a Sikh:

Sat:	Truth	Sabbar:	Toleration
Sanjam:	Restraint	Khima :	Forgiveness
Garibi:	Humility	Seva:	Service
Santokh:	Contentment	Vichar:	Reflection
Dya:	Compassion	Dharam:	Righteousness
Daan:	Charity	Siddk:	Faith
Gyan:	Knowledge	Vand Chhakna:	Sharing

All the Sikh Gurus upheld and promoted these virtues, and these have consequently become a way of life for the Sikh people. *Kirat Karnie, Vand Chhakna, Naam Japna,* earning an honest living, sharing with the needy and reciting the Lord's Name, are the usual hallmarks of a Sikh.

Sikhs adopt Militarism

Like many other religious societies in their formulating periods, the Sikhs had also to go through the purgatory of sacrifice on the steel of their oppressors. The atmosphere and environment surrounding the Sikhs was seeped in jealousy and intolerance. The naturally antagonistic protagonists belonging to the older established religions were not willing to allow a congenial and unfettered growth to a simple but dynamic faith. They saw looming within it a fatal blow to their own dogma.

The fifth Guru of the Sikhs was tortured to death on the orders of the then Mughal emperor. The ninth Guru was beheaded by the next Mughal emperor for espousing the cause of freedom of religious worship for non-Muslims. The sixth Guru decided to arm his Sikhs to enable them properly to defend themselves. He had to fight many a battle with the government, and was incarcerated for many years. While

he was to be released, he also sought the release of 52 princes and chiefs who had been imprisoned in the same jail.

The tenth Guru succeeded his martyred father at a very young age. Inspite of his age, he was an exceptionally gifted man. By his own unique leadership, he was able to instill the art of warfare into people who knew nothing but weighing scales and plough shares. His two eldest sons were killed in battles, and two youngest were bricked alive into a wall on the orders of the Mughal governor. A man of courage and a firm believer in the Will of God, he led the Sikhs from one peak to another. There were no valleys of disappointment for them - only Chardhi Kala *(pulsating optimism)*. He had mastery over many languages. He compiled the Dasam Granth and patronised 52 of that period's literary elite. Throughout his life, he was a man of high moral principles and a true believer in God.

After the martyrdom of Guru Arjan (the fifth Nanak), his son and successor decided to impart martial arts to his Sikhs. This was intended to equip them to be able to defend themselves, but the government of the day misunderstood his true intentions, and there resulted many an armed conflict between the two of them. In the course of their respective forays with the Mughal armies, Guru Hargobind (the sixth Nanak), and Guru Gobind Singh (the tenth Nanak), among other communities, came in close contact with the uncommitted Jat people, and were favourably impressed by their physical prowess, and their potential as Sikhs. In the end, the uncommitted Jats became, and have continued to be, a three-quarters part of the Gurus' Sikhs.

Caste divisions

About "castes", Guru Nanak very firmly laid down that there is no room in the Sikh religion for the division of human beings into those of "castes", and others of "non-castes".

ਜਾਣਹੁ ਜੋਤਿ ਨ ਪੂਛਹੁ ਜਾਤੀ ॥ ਆਗੈ ਜਾਤਿ ਨ ਹੇ ॥

Jano Jot, na Poochho Jati; (ਰਾਗ ਆਸਾ ਮ : ੧)

Aggey Jat na hey.

Recognise the Divine Light; do not ask (a person's) caste; there is no caste in the hereafter. *(Raag Asa M.1).* (10)

ਮਾਨੁਸ ਕੀ ਜਾਤਿ ਸਭੈ ਏਕੈ ਹੀ ਪਹਿਚਾਨਬੋ ॥

(ਅਕਾਲ ਉਸਤਤਿ - ਪ: ੧੦)

Manus ki jaat sabhe ek hi pehchanbo.

(Akal Ustat-Patshahi 10)(11)

Recognise all homo sapiens as one.

ਏਕੁ ਪਿਤਾ ਏਕਸ ਕੇ ਹਮ ਬਾਰਿਕ ॥ ਤੂ ਮੇਰਾ ਗੁਰ ਹਾਈ

(ਸੋਰਠਿ ਮ : ੫)Page 611

Ek pita, ekas ke ham barak.

(Sorath M : 5) (12)

We are the children of One Father.

ਜਾਤਿ ਜਨਮੁ ਨਹ ਪੂਛੀਐ ਸਚਿ ਘਰ ਲੇਹੁ ਬਤਾਏ॥
ਆਸਾਮ ਦੇਸ਼ ਵਿਚ ਗੁਰੂ ਤੇਗ਼ ਬਹਾਦਰ ਜੀ ਸੰਗਤ ਵਿਚ ਬਿਰਾਜੇ ਹੋਏ ਸਨ ਅਤੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਆਰੰਭ ਸੀ ॥ ਬੈਠੇ ਬੈਠੇ ਗੁਰੂ ਸਾਹਿਬ ਹਸ ਪਏ ॥ ਇਕ ਸਿਖ ਨੇ ਉਨ੍ਹਾਂ ਤੋਂ ਨਿਮ੍ਰਤਾ ਸਹਿਤ ਹਸਣ ਦਾ ਕਾਰਨ ਪੁਛਿਆ ਤਾਂ ਸਾਹਿਬਾਂ ਨੇ ਫੁਰਮਾਇਆ ਕਿ : "ਭਾਈ ਸਾਧ ਸੰਗਤ ਜੀ, ਗੁਰੂ ਨਾਨਕ ਦੇਵ ਜੀ ਦੇ ਚਲਿਤ ਵਡੇ ਅਸਚਰਜ ਹਨ ॥ ਹੁਣ ਸੰਸਾਰ ਦੀ ਰਖਯਾ ਕਰਨ ਲਈ ਦਸਮਾਂ ਜਾਮਾਂ ਪ੍ਰਗਟ ਹੋਇਆ ਹੈ ॥ ਜਿਹੜੀ ਜੋਤਿ ਨੌਂ ਜਾਮਿਆਂ ਵਿਚ ਜਗਤ ਦਾ ਉਧਾਰ ਕਰਦੀ ਰਹੀ ਹੈ, ਅਜ ਰਾਤ ਉਸੇ ਜੋਤਿ ਨੂੰ ਦਸਵੇਂ ਜਾਮੇਂ ਵਿਚ ਪ੍ਰਵੇਸ਼ ਕਰਕੇ ਕੰਮ ਕਰਦੇ ਰਹਿਣ ਦੀ

ਆਗਿਆ ਹੋਈ ਹੈ ॥ ਜਦੋਂ ਅਸੀ ਇਹ ਜਾਮਾ ਤਿਆਗ ਦਿਆਂਗੇ, ਉਦੋਂ ਗੁਰੂ ਨਾਨਕ ਦੇਵ ਜੀ ਦੀ ਜੋਤਿ ਉਸ ਜਾਂਮੇਂ ਵਿਚ ਪ੍ਰਵੇਸ਼ ਕਰੇਗੀ ॥

ਬੜਾ ਲੰਮਾ ਸਮਾਂ ਤਪੱਸਿਆ ਕਰਨ ਉਪ੍ਰੰਤ, ਸਾਹਿਬ ਪ੍ਰਮਾਤਮਾਂ ਦੇ ਹਜ਼ੂਰ ਪਹੁੰਚ ਗਏ ਸਨ ॥ ਮਾਤ ਲੋਕ ਵਿਚ ਮੁੜ ਜਨਮ ਲੈਣ ਸਮੇਂ ਨੂੰ ਗੁਰੂ ਗੋਬਿੰਦ ਸਿੰਘ ਜੀ (ਬਚਿਤ੍ਰ ਨਾਟਕ ਵਿਚ) ਇਉਂ ਦਸਦੇ ਹਨ :

ਚਿਤ ਨ ਭਯੋ ਹਮਰੋ ਆਵਨ ਕਹ ॥ ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹ ॥
ਜਿਉ ਤਿਉ ਪ੍ਰਭ ਹਮ ਕੋ ਸਮਝਾਯੋ ॥ ਇਮ ਕਹਿ ਕੇ ਇਹ ਲੋਕ ਪਠਾਯੋ ॥ ੫ ॥

ਅਕਾਲ ਪੁਰਖ ਬਾਚ (ਚੌਪਈ)

ਮੈਂ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੇ ਧਰਮੁ ਚਲਾਇ ॥ ਕਬੁਧ ਕਰਨ ਤੇ ਲੋਕ ਹਟਾਇ ॥ ੨੯ ॥

ਕਬਿ ਬਾਚ (ਦੋਹਰਾ)

ਠਾਢ ਭਯੋ ਮੈ ਜੋਰਿ ਕਰ, ਬਚਨ ਕਹਾ ਸਿਰ ਨਿਯਾਇ ॥
ਪੰਥ ਚਲੈ ਤਬ ਜਗਤ ਮੈਂ, ਜਬ ਤੁਮ ਕਰਹੁ ਸਹਾਇ ॥ ੩੦ ॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਬਾਰਨ ॥ ੪੩ ॥

ਚੌਪਈ

ਕਈ ਕੋਟਿ ਮਿਲਿ ਪੜਤ ਕੁਰਾਨਾ ॥ ਬਾਚਤ ਕਿਤੇ ਪੁਰਾਨ ਅਜਾਨਾ ॥
ਅੰਤਿ ਕਾਜ ਕੋਈ ਕਾਮ ਨਾ ਆਵਾ ॥ ਕਾਣ ਕਾਲ ਕਹੂ ਨ ਬਚਾਵਾ ॥ ੪੮ ॥
ਕਿਉ ਨ ਜਪੋ ਤਾ ਕੋ ਤੁਮ ਭਾਈ ॥ ਅੰਤਿ ਕਾਲ ਜੋ ਹੋਇ ਸਹਾਈ ॥
ਫੋਕਟ ਧਰਮ ਲਖੋ ਕਰ ਭਰਮਾ ॥ ਇਨ ਤੇ ਸਰਤ ਨ ਕੋਈ ਕਰਮਾ ॥

ਰਾਮਕਲੀ ਪਾਤਸ਼ਾਹੀ ੧੦

ਪ੍ਰਾਨੀ, ਪ੍ਰਮ-ਪੁਰਖ ਪਗਿ ਲਾਗੋ ॥ ਸੋਵਤ ਕਹਾ ਮੋਹ ਨਿੰਦ੍ਰਾ ਮੇਂ, ਕਬਹੁ ਸੁਚਿਤ ਹੋ ਜਾਗੋ ॥ ਰਹਾਉ ॥
ਔਰਨ ਕਹਾ ਉਪਦੇਸਤ ਹੈ ਪਸੁ, ਤੋਹੇ ਪ੍ਰਬੋਧਨ ਲਾਗੋ ॥
ਸਿੰਚਤ ਕਹਾ ਪਰੇ ਬਿਖਿਯਨ ਕਹ, ਕਬਹੂੰ ਬਿਖੇ ਰਸ ਤਯਾਗੋ ॥ ੧॥
ਕੇਵਲ ਕਰਮ, ਭਰਮ ਸੇ ਚੀਨਹੁ, ਧਰਮ ਕਰਮ ਅਨੁਰਾਗੋ ॥
ਸੰਗ੍ਰਹਿ ਕਰੋ ਸਦਾ ਸਿਮ੍ਰਨ ਕੋ, ਪਰਮ ਪਾਪ ਤਜਿ ਭਾਗੋ ॥ ੨ ॥
ਜਾ ਕੇ ਦੂਖ ਪਾਪ ਨਹਿ ਭੇਟੇ, ਕਾਲ-ਜਾਲ ਤੇ ਤਾਗੋ ॥
ਜੋ ਸੁਖ ਚਾਹੋ ਸਦਾ ਸਭਨ ਕੋ, ਤੋ ਹਰਿ ਕੇ ਰਸਿ ਪਾਗੋ ॥ ੩ ॥

ਗੁਰੂ ਸਾਹਿਬ ਨੂੰ ਪ੍ਰਮਾਤਮਾ ਉਪਰ ਇਤਨਾ ਮਾਣ ਅਤੇ ਭਰੋਸਾ ਸੀ, ਕਿ ਹਰ ਸਮੇਂ ਉਨ੍ਹਾਂ ਦੀ ਜ਼ਬਾਨ ਵਿਚੋਂ ਅਤੇ ਕਲਮ ਤੋਂ ਹਰੀ-ਉਪਮਾ ਹੀ ਨਿਕਲਦੀ ਸੀ ॥ ਬੰਦੇ ਉਪਰ ਹਰ ਸਮਾ ਇਕੋ ਜਿਹਾ ਨਹੀਂ ਵਰਤਦਾ ॥ ਕਦੇ ਚੜ੍ਹਾਉ ਹੁੰਦਾ ਹੈ, ਅਤੇ ਕਦੇ ਉਤਰਾਉ ॥ ਸਾਹਿਬ ਚੜ੍ਹਦੀ ਕਲਾ ਦੇ ਨਿਪੁੰਨ ਸਨ ॥ ਜਦੋਂ ਔਖੇ ਸਮੇਂ ਆਏ ਤਦ ਭੀ ਉਹ ਚੜ੍ਹਦੀ-ਕਲਾ ਵਿਚ ਰਹੇ ਹਨ, ਅਤੇ ਉਨ੍ਹਾਂ ਦੀ ਨਿਜੀ ਮਿਸਾਲ ਤੋਂ ਖਾਲਸਾ ਬਹੁਤ ਪ੍ਰਭਾਵਤ ਹੁੰਦਾ ਰਿਹਾ ਹੈ :-

ੴ ਸਤਿਗੁਰ ਪ੍ਰਸਾਦਿ ॥ ਖਿਆਲ ਪਾਤਿਸ਼ਾਹੀ ੧੦

ਮਿਤ੍ਰ ਪਿਆਰੇ ਨੂੰ, ਹਾਲ ਮੁਰੀਦਾਂ ਦਾ ਕਹਿਣਾ ॥
ਤੁਧ ਬਿਨ ਰੋਗ, ਰਜਾਈਆਂ ਦਾ ਓਢਣ, ਨਾਗ, ਨਿਵਾਸਾਂ ਦੇ ਰਹਿਣਾ॥
ਸੂਲ ਸੁਰਾਹੀ, ਖੰਜਰ ਪਿਆਲਾ, ਬਿੰਗ ਕਸਾਈਆਂ ਦਾ ਸਹਿਣਾ ॥
ਯਾਰੜੇ ਦਾ ਸਾਨੂੰ ਸੱਥਰ ਚੰਗਾ, ਭੱਠ, ਖੇੜਿਆਂ ਦਾ ਰਹਿਣਾ ॥

ਇਹ ਸ਼ਬਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਸਮੇਂ ਉਚਾਰਿਆ ਸੀ ਜਦ ਉਹ ਚਮਕੌਰ ਦੀ ਗੜ੍ਹੀ ਛੱਡ ਕੇ, ਸ਼ਾਹੀ ਸੈਨਾ ਦੇ ਘੇਰੇ ਵਿਚੋਂ ਆਪਣੀ ਹਿੰਮਤ ਤੇ ਸਿਆਣਪ ਨਾਲ ਬਚ ਕੇ, ਦਿਨ ਰਾਤ ਦੇ ਸਫਰਾਂ ਦੀ ਔਖ ਝਾਗ ਕੇ, ਭੁੱਖੇ ਤਿਹਾਏ ਇਕ ਉਜਾੜ ਅਸਥਾਨ ਤੇ ਇਕੱਲੇ ਹੀ ਥੱਕੀ ਟੁੱਟੀ ਹਾਲਤ ਵਿਚ ਪਏ ਸਨ, ਪਰ ਹੈਰਾਨ ਕਰਨ ਵਾਲੀ ਚੜ੍ਹਦੀ ਕਲਾ ਵਿਚ ਹੀ ਸਨ ॥ ਉਹ ਇਸ ਗੱਲੋਂ ਪ੍ਰਸੰਨ ਸਨ ਕਿ ਉਹ ਰੱਬ ਦੇ ਕੰਮੀਂ ਲੱਗੇ ਹੋਏ ਹਨ, ਉਹ ਵਾਹਿਗੁਰੂ ਜੀ ਦਾ ਖ਼ਾਲਸਾ ਹੋ ਕੇ ਵਾਹਿਗੁਰੂ ਜੀ ਦੀ ਫ਼ਤਿਹ ਕਰਾਣ ਲਈ, ਸੱਚ ਦੀ ਫ਼ਤਿਹ ਕਰਾਉਣ ਲਈ, ਧਰਮ ਦੀ ਜੈ ਕਰਾਉਣ ਲਈ ਜੋ ਕੀਮਤ ਦੇਣੀ ਪੈਂਦੀ ਹੈ, ਖ਼ੁਸ਼ੀ ਖ਼ੁਸ਼ੀ ਦੇ ਰਹੇ ਹਨ ॥ ਉਹ ਜਾਣਦੇ ਸਨ ਕਿ ਹਰ ਚੰਗੀ ਚੀਜ਼ ਮਹਿੰਗੇ ਭਾਅ ਮਿਲਦੀ ਹੈ ਤੇ ਵਾਹਿਗੁਰੂ ਦੇ ਸੇਵਕ ਕਦੇ ਰਿਆਇਤਾਂ ਨਾਲ ਉਹ ਚੀਜ਼ ਪ੍ਰਾਪਤ ਨਹੀਂ ਕਰਨਾ ਚਾਹੁੰਦੇ ॥ ਇਸ ਮਨ ਦੀ ਉੱਚੀ ਹਾਲਤ ਵਿਚ ਗੁਰੂ ਸਾਹਿਬ ਦੁੱਖ, ਸੁੱਖ, ਹਾਨ, ਲਾਭ, ਹਿਰਖ, ਸੋਗ ਦੀਆਂ ਗਿਣਤੀਆਂ ਮਿਣਤੀਆਂ ਵਿਚ ਪੈਂਦੇ ਹੀ ਨਹੀਂ ਸਨ, ਉਹ ਖੁਸ਼ ਸਨ ਕਿ ਵਾਹਿਗੁਰੂ ਨੇ ਉਨ੍ਹਾਂ ਨੂੰ ਧਰਮ ਦੀ ਜਿੱਤ ਕਰਾਉਣ ਲਈ ਆਪਣਾ ਹਥਿਆਰ ਬਣਾਉਣ ਦਾ ਮਾਣ ਬਖ਼ਸ਼ਿਆ ਹੈ ॥ ਸਮੇਂ ਦੀ ਇਕ ਵੰਗਾਰ ਸੀ, ਜਿਸ ਦਾ ਉੱਤਰ ਗੁਰੂ ਜੀ ਨੇ ਸੇਵਕ ਹੋ ਕੇ ਦੇਣਾ ਸੀ ॥ ਸ਼ਬਦ ਇਕ ਤਰ੍ਹਾਂ ਐਲਾਨ ਹੈ, ਇਸ ਵੰਗਾਰ ਨੂੰ ਪ੍ਰਵਾਨ ਕਰ ਲੈਣ ਦਾ ॥ ਮਹਾਰਾਜ ਧੰਨਵਾਦ ਤੇ ਸ਼ੁਕਰਾਨੇ ਵਿਚ ਬੋਲਦੇ ਹਨ ਸੁਣੋ ਭਾਈ, ਕੋਈ ਹੈ ਜੋ ਮੇਰੇ ਮਿੱਤਰ (ਪਰਮਾਤਮਾ) ਨੂੰ ਮੈਂ ਸੇਵਕ ਦਾ ਹਾਲ ਦੱਸੇ (ਕਿਉਂਕਿ ਮੈਨੂੰ ਕੁਝ ਨਹੀਂ ਚਾਹੀਦਾ, ਕੇਵਲ ਉਸ ਦਾ ਮੇਰੇ ਸਿਰ ਤੇ ਹੱਥ ਹੋਣਾ ਚਾਹੀਦਾ ਹੈ, ਅਰਥਾਤ ਉਹ ਮੇਰੇ ਦਿਲ ਵਿਚ ਵਸਿਆ ਰਹੇ ॥ ਫਿਰ ਹੀ ਮੈਂ ਸ਼ਕਤੀਆਂ ਵਾਲਾ ਹੋਵਾਂਗਾ ਤੇ ਹਰ ਮੁਸ਼ਕਲ ਉਤੇ ਫ਼ਤਿਹ ਪਾ ਲਵਾਂਗਾ ॥ ਉਸ ਤੋਂ ਬਿਨਾਂ ਮੈਂ ਡੋਲ ਸਕਦਾ ਹਾਂ ਪਰ ਉਸਦੇ ਸਹਾਰੇ ਮੈਂ ਸਭ ਦੁੱਖਾਂ ਕਸ਼ਟਾਂ ਨੂੰ ਪੈਰਾਂ ਹੇਠ ਲਿਤਾੜ ਦਿਆਂਗਾ) ਜੇ ਉਹ ਮੇਰੇ ਦਿਲ ਵਿਚ ਨਹੀਂ ਤਾਂ ਲੇਫ-ਤੁਲਾਈਆਂ, ਰਜ਼ਾਈਆਂ ਆਦਿਕ ਦੇ ਨਰਮ ਨਰਮ ਬਿਸਤਰੇ ਮੇਰੇ ਲਈ ਮਾਨੋ ਰੋਗ ਹਨ, ਬੀਮਾਰੀਆਂ ਹਨ ਤੇ ਮਹਿਲ ਮਾੜੀਆਂ ਦੇ ਨਿਵਾਸ ਮਾਨੋ ਸੱਪਾਂ ਨਾਲ ਸੌਣਾ ਹੈ ॥ ਉਸ ਤੋਂ ਬਿਨਾਂ ਸੁਰਾਹੀ ਇਕ ਸੂਲ ਹੈ, ਪਿਆਲਾ ਖ਼ੰਜ਼ਰ ਹੈ ਤੇ (ਰੰਗ-ਰਲੀਆਂ) ਕਸਾਈਆਂ ਦੇ ਚਾਕੂ ਦੀ ਚੋਭ ਦੀ ਨਿਆਂਈ ਹਨ ॥ ਜਿਵੇਂ ਹੀਰ ਨੂੰ ਰਾਂਝੇ ਪਿਆਰੇ ਦੀ ਸੰਗਤ ਵਿਚ ਸੱਥਰ ਭੁੰਞੇ ਲੇਟਣ ਚੰਗਾ ਲਗਦਾ ਸੀ ਅਤੇ ਖੇੜਿਆਂ ਵਿਚ ਰਹਿਣਾ ਬਲਦੇ ਭੱਠ ਵਿਚ ਪੈਣ ਵਾਂਗ ਸੀ ॥ ਤਿਵੇਂ ਮੈਂ ਆਪਣੇ ਪਿਆਰੇ ਪਰਮਾਤਮਾ ਦੀ ਸੰਗਤ ਵਿਚ ਹਰ ਹਾਲੇ ਖੁਸ਼ ਹਾਂ ਤੇ ਉਸ ਤੋਂ ਬਿਨਾਂ ਕਿਸੇ ਵੀ ਹੋਰ ਹਾਲਤ ਵਿਚ ਦੁੱਖੀ ਹਾਂ) ॥

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਸੰਬਰ, ਸੰਨ ੧੬੬੬ ਨੂੰ ਹੋਇਆ ਸੀ, ਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੇ ਨਵੰਬਰ, ਸੰਨ ੧੬੭੫ ਨੂੰ ੯ ਸਾਲ ਦੀ ਉਮਰੇ ਗੁਰਗੱਦੀ ਤੇ ਬਰਾਜਮਾਨ ਹੋਏ ॥ ਕੁਲ ੩੩ ਸਾਲ ਦੇ ਅਰਸੇ ਵਿਚ ਉਨ੍ਹਾਂ ਨੇਂ ਬੇਮਿਸਾਲ ਕਾਰਨਾਮੇ ਕੀਤੇ ॥ ਉਚ ਕੋਟੀ ਦੇ ਕਵੀ ਹੋਣ ਕਰਕੇ ਸੁਭਾਵਕ ਹੀ ਸੀ, ਕਿ ਕਵਿਤਾ ਦੀ ਕਦਰ ਕਰਦੇ ਸਨ ॥ ਫ਼ਾਰਸੀ ਤੇ ਅਰਬੀ ਦੇ ਫ਼ਾਜ਼ਲ ਸਨ, ਅਤੇ ਸੰਸਕ੍ਰਿਤ ਦੇ ਵਿਦਿਆ-ਨਿਪੁੰਨ ॥ ਆਪ ਨੇ ਆਦਿ ਗੁਰੂ ਗ੍ਰੰਥ ਸਾਹਿਬ ਦਾ ਦੂਸਰਾ ਸੰਕਲਨ ਨੌਵੇਂ ਪਾਤਸ਼ਾਹ ਦੀ ਬਾਣੀ ਵਿਚ ਮਿਲਾ ਕੇ ਸੰਨ ੧੭੦੫ ਵਿਚ ਸੰਪੂਰਨ ਕਰ ਦਿੱਤਾ, ਅਤੇ ਆਪਣੀਆਂ ਪ੍ਰਭਾਵਸ਼ਾਲੀ ਰਚਨਾਵਾਂ ਬਾਹਰ ਹੀ ਰਹਿਣ ਦਿੱਤੀਆਂ ॥ ਉਨ੍ਹਾਂ ਦੀ ਵਿਦਵਤਾ ਅਤੇ ਬੀਰ-ਰਸ, ਦਸਮ ਗ੍ਰੰਥ ਰਾਹੀਂ ਸਾਰੇ ਸਿੱਖ ਪੰਥ ਲਈ ਹੀ ਨਹੀਂ, ਬਲਕਿ ਦੁਨੀਆਂ ਦੇ ਹਰੇਕ ਇਸਤਰੀ-ਪੁਰਸ਼ ਲਈ ਮਨ ਦੇ ਅਲਬੇਲੇ ਅਤੇ ਬੇਮੁਹਾਰ ਹੋਏ ਸਰੋਤ, ਵਲਵਲੇ ਅਤੇ ਤਰੰਗਾਂ ਦੇ ਪ੍ਰਵਾਹ, ਈਸ਼ਵਰੀ ਪਿਆਰ ਦੀ ਪ੍ਰਣਾਲੀ ਵਿਚ ਇਕਸਾਰ ਹੋ ਕੇ ਵਗਣ ਲਈ ਐਸੀ ਵੇਦਨਾ ਭਰ ਦਿੰਦਾ ਹੈ, ਕਿ ਮੁੜ ਪ੍ਰਭੂ ਦਾ ਤੇ ਮਨੁਸ਼ ਦਾ ਸੰਬੰਧ ਦੁਨਿਆਵੀ ਰੁਝੇਵਿਆਂ ਦੇ ਅਸਰ ਹੇਠ ਆਕੇ, ਕਿਸੇ 'ਦੂਸਰੇ" ਦੀ ਸ਼ਰਨ ਨਹੀਂ ਆਉਂਦਾ ॥ ਮੱਥਰਾ ਦਾ ਗਵਾਲ ਭੱਟ, ਕਈ ਸਾਲ ਮਹਾਰਾਜਾ ਸ਼ੇਰ ਸਿੰਘ ਪਾਸ ਲਾਹੌਰ ਦਰਬਾਰ ਵਿਚ ਰਿਹਾ, ਤੇ ਬਿਰਧ ਅਵਸਥਾ ਨਾਭੇ ਦੇ ਮਹਾਰਾਜਾ ਭਰਪੂਰ ਸਿੰਘ ਪਾਸ ਬਿਤਾਈ ॥ ਦਸਮ ਗਰੰਥ ਬਾਰੇ "ਗੁਰਪਚਾਸਾ" ਵਿਚੋਂ ਉਸ ਦੇ ਇਹ ਪ੍ਰਸੰਸਾਕ੍ਰਿਤ ਕਬਿੱਤ ਹਨ :-

ਪਢ੍ਹਕੈ ਤਿਹਾਰੀ ਬਾਨੀ ਸ਼੍ਰੀਮਾਨ ਗੋਬਿੰਦ ਸਿੰਘ ॥ ਜੀਵਨਮੁਕਤ ਜਨ ਹੋਯ ਰਹੈਂ ਅਗ ਮੇ,
ਸਾਧੁ ਮੇ ਨ ਸ਼ੇਰਪਨ ਸ਼ੇਰ ਮੇ ਨ ਸਾਧੁਪਨ, ਦੋਊਪਨ ਦੇਖਿਯਤ ਆਪ ਹੀ ਕੇ ਮਗ ਮੇ,
ਗਵਾਲ ਕਵਿ ਅਦਭੁਤ ਬਾਤੇਂ ਕਹੋਂ ਕੌਨ ਕੌਨ, ਭੌਨ ਭੌਨ ਜਾਹਰ ਜਹੂਰ ਪਗ ਪਗ ਮੇ,
ਸਿੱਖ ਜੇ ਤਿਹਾਰੇ ਸਭ ਸੰਗਯਾ ਮਾਹਿ ਸਿੰਘ ਭਏ, ਸਮਰ ਮੇ ਸਿੰਘ ਭਏ ਸਿੰਘ ਭਏ ਜਗ ਮੇ

(ਦਸ਼ਮੇਸ਼ ਦੀ ਕ੍ਰਿਪਾਣ)

ਪਾਨ ਸੁ ਭਰੀ ਹੈ ਖਰਸਾਨ ਪੈ ਧਰੀ ਹੈ ਖਰੀ,
ਸ਼ਾਨ ਸੋ ਬਰੀ ਹੈ ਮਾਨਬਰੀ ਚਕਰ ਆਨ ਹੈ ॥
ਭਾਨੁ ਕੇ ਸਮਾਨ ਤੇਜ ਬੈਰਿਨ ਕੋ ਭਾਨ ਜਗ,
ਭਾਨ ਭਾਨ ਡਾਰੇ ਰਹੀ ਤਿਨ ਮੁਖ ਭਾਨ ਹੈ ॥
ਗਵਾਲ ਕਵਿ ਰਣ ਵਿਵਧਾਨ ਨ ਰਹਿਨਦੇਤ,
ਬੰਕਤਾ ਵਿਧਾਨ ਭਰੀ ਅੰਤਰ ਕਿਰਪਾਨ ਹੈ ॥
ਚਕਰਪਾਨਿ ਪਾਨ ਪੈ ਪਤਹਾਰੇ ਸ਼੍ਰੀ ਗੋਬਿੰਦ ਸਿੰਘ,
ਤੇਰੀ ਜੋ ਕ੍ਰਿਪਾਨ ਪਰੈ ਜਾਂ ਪਰ ਕ੍ਰਿਪਾਨ ਹੈ ॥

(ਮਹਾਨ ਕੋਸ਼)

ਇਤਿਹਾਸ ਗੁਰੁ ਖ਼ਾਲਸਾ ਵਿਚ ਸਾਧੂ ਗੋਬਿੰਦ ਸਿੰਘ ਸਾਹਿਬਾਂ ਦੀ ਉਪਮਾ ਵਿਚ ਲਿਖਦੇ ਹਨ : -

"ਇਸ ਭਾਰਤਭੂਮਿ ਮੇਂ ਸਹਸ੍ਰੋਂ ਧਰਮਪ੍ਰਚਾਰਕ ਤਥਾ ਲਖੋਂ ਦੇਸ਼ ਸੰਰਖਕ ਰਾਜੇ ਮਹਾਰਾਜੇ ਹੁਏ ਹੈਂ, ਪਰੰਤੁ ਐਸਾ ਏਕ ਭੀ ਨਹੀਂ ਹੂਆ ਕਿ ਜਿਸ ਨੇ ਧਰਮਰਖਾ ਕੇ ਨਿਮਿੱਤ ਅਪਨਾ ਸਰਵੰਸ਼ ਹਵਨ ਕਰਕੇ ਸ਼ੇਸ਼ ਮੇਂ ਅਪਨੇ ਪ੍ਰਾਣ ਭੀ ਦਿਯੇ ਹੋਂ ॥

"ਹਿੰਦੂਧਰਮ ਪਰ ਆਤੀ ਹੂਈ ਅਨੇਕ ਤਰਹ ਕੀ ਆਪੱਤਿਯੋਂ ਕੇ ਹਾਰਕ, ਯਾ ਮ੍ਰਿਤਪ੍ਰਾਯ ਆਰਯਸੰਤਾਨ ਕੇ ਪੁਨਹ ਪ੍ਰਾਣਸੰਚਾਰਕ, ਯਦਿ ਕੋਈ ਮਹਾ ਪੁਰਸ਼ ਹੈਂ, ਤੋ ਸਿੱਖਸਮਾਜ ਕੇ ਨਿਰਮਾਤਾ ਤਾਂਤ ਸ਼ਾਸਕ ਧਰਮਗੁਰੁ ਯੇਹੀ ਏਕ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਮਹਾਰਾਜ ਹੀ ਹੁਏ ਹੈਂ ॥

ਹਲੀਮੀ ਦੀ ਭੀ ਸਾਹਿਬਾਂ ਨੇ ਅਦੁੱਤੀ ਮਿਸਾਲ ਕਾਇਮ ਕੀਤੀ ਹੈ :-

੧. ਪੰਜ ਪਿਆਰੇ ਸਾਜਕੇ, ਉਨ੍ਹਾਂ ਪਾਸੋਂ ਮੰਗਕੇ ਅੰਮ੍ਰਿਤ ਪਾਨ ਕੀਤਾ, ਅਤੇ ਖ਼ਾਲਸਾ ਸਜਕੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣੇ ॥
੨. ਚਾਰ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਤੋਂ ਬਾਅਦ ਭਰੇ ਦਰਬਾਰ ਵਿਚ ਮਾਤਾ ਜੀ ਨੂੰ ਫ਼ੁਰਮਾਇਆ :
   "ਚਾਰ ਮੂਏ ਤੋ ਕਿਆ ਹੂਆ (ਯਹ) ਜੀਵਤ ਕਈ ਹਜ਼ਾਰ "
੩. ਆਪਣੇ ਖ਼ਾਲਸੇ ਵੱਲ ਇਸ਼ਾਰਾ ਕਰਕੇ ਕਹਿੰਦੇ ਹਨ :
   "ਖ਼ਾਲਸਾ ਮੇਰੋ ਸਵਜਨ ਪ੍ਰਵਾਰਾ, ਖ਼ਾਲਸਾ ਮੇਰੋ ਕਰਤ ਉਧਾਰਾ ॥"
   "ਮੋ ਗ੍ਰਿਹਿ ਮੈ ਮਨ ਤੇ ਤਨ ਤੇ ਸਿਰ ਲਉ , ਧਨ ਹੈ ਸਭ ਹੀ ਇਨ ਹੀ ਕੋ ॥"

ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ-ਜੋਤਿ ਸਮਾਉਣ ਤੋਂ ਇਕ ਦਿਨ ਪਹਿਲਾਂ ਆਦਿ ਸ੍ਰੀ ਗਰੰਥ ਸਾਹਿਬ ਨੂੰ ਗੁਰਿਆਈ ਦੀ ਗੱਦੀ ਇਸ ਤਰ੍ਹਾਂ ਸੌਂਪੀ : -

ਸ੍ਰੀ ਗਰੰਥ ਸਾਹਿਬ ਦਾ ਪ੍ਰਕਾਸ਼ ਕਰਕੇ, ਗੁਰੂ ਜੀ ਨੇ ਪੰਜ ਪੈਸੇ ਤੇ ਨਾਰੀਅਲ ਅੱਗੇ ਭੇਟਾ ਰੱਖਕੇ ਮੱਥਾ ਟੇਕਿਆ, ਅਤੇ ਸਰਬੱਤ ਸੰਗਤ ਨੂੰ ਕਿਹਾ : "ਮੇਰਾ ਹੁਕਮ ਹੈ ਕਿ ਮੇਰੀ ਜਗ੍ਹਾ ਸ੍ਰੀ ਗਰੰਥ ਸਾਹਿਬ ਕੋ ਗੁਰੂ ਜਾਨਣਾ ॥ ਜੋ ਸਿੱਖ ਜਾਨੇਗਾ ਤਿਸ ਕੀ ਘਾਲਿ ਥਾਇ ਪਇਗੀ ॥ ਗੁਰੂ ਤਿਸ ਕੀ ਬਹੁੜੀ ਕਰੇਗਾ ॥ (ਪੰਥ ਪ੍ਰਕਾਸ਼) ॥ ਉਨ੍ਹਾਂ ਆਗਿਆ ਕੀਤੀ ਕਿ ਗੁਰੂ ਗ੍ਰੰਥ ਸਾਹਿਬ ਤੋਂ ਹੁਕਮਨਾਮਾ ਲਿਆ ਜਾਵੇ ॥ ਜਦੋਂ ਵਾਕ ਲਿਆ ਤਾਂ ਪੰਚਮ ਪਾਤਸ਼ਾਹ ਦਾ ਗੁਰੂ ਗ੍ਰੰਥ ਸਾਹਿਬ ਦੇ ਪਨਾ ੧੦੦੦ ਉਤੇ ਉਚਾਰਿਆ ਮਾਰੂ ਮਹੱਲਾ ੫ ਦਾ ਸ਼ਬਦ: "ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ" ਹੁਕਮਨਾਮਾ ਨਿਕਲਿਆ ॥ ਨੰਦੇੜ ਸਾਹਿਬ ਸਚਖੰਡ ਦੀ ਅੰਦਰਲੀ ਪ੍ਰਕਰਮਾ ਵਿਚ ਇਹ ਪੂਰਾ ਸ਼ਬਦ ਲਟਕਾਇਆ ਹੋਇਆ ਹੈ ॥

੨੩੯ ਸਾਲ ਦੇ ਲਗਾਤਾਰ ਦੇਹਧਾਰੀ ਗੁਰ ਪ੍ਰਕਾਸ਼ ਨੂੰ ਇਕ ਅਨੋਖੀ ਦੂਰ-ਦਰਿਸ਼ਟੀ ਅਤੇ ਸੁਚੱਜਤਾ ਨਾਲ ਗੁਰੂ ਜੀ ਨੇ ਸਦੀਵੀ ਅਤੇ ਅਮਰ ਪ੍ਰਕਾਸ਼ ਦਾ ਚਾਨਣ ਆਪਣੇ ਖ਼ਾਲਸੇ ਦੀ ਰਹਿਨੁਮਾਈ ਵਾਸਤੇ ਪੈਦਾ ਕਰ ਦਿੱਤਾ, ਜਿਸਤੋਂ ਦੁਨੀਆਂ ਵਿਚ ਇਕ ਅਨੋਖੀ ਮਿਸਾਲ ਕਾਇਮ ਹੋ ਗਈ ॥ ਸਿਖ ਧਰਮ ਦੀ ਓਟ ਸ਼ਬਦ ਗੁਰੁ ਹੀ ਹੈ ॥

ਸ੍ਰੀ ਗੁਰੂ ਗਰੰਥ ਸਾਹਿਬ ਦੀ ਮਹਿਮਾ ਸੰਤ ਨਿਹਾਲ ਸਿੰਘ ਜੀ ਇਉਂ ਸੰਕੇਤ ਕਰਦੇ ਹਨ :-

ਆਨੰਦ ਕੋ ਘਰ ਹੈ ਕਿ ਅੰਮ੍ਰਿਤ ਕੋ ਸਰ ਹੈ ਕਿ ਦੇਵਨ ਕੋ ਤਰ ਹੈ ਕਿ ਗਯਾਨ ਕੋ ਸਮਾਜ ਹੈ,
ਕਾਲ ਹੂੰ ਕੋ ਕਾਲ ਹੈ ਕਿ ਰੀਤਿ ਹੀ ਕੀ ਪਾਲ ਹੈ ਕਿ ਭਾਰਤੀ ਕੋ ਮਾਲ ਹੈ ਕਿ ਭਵ ਕੋ ਜਹਾਜ ਹੈ,

ਵੇਦ ਕੋ ਸਿਧਾਂਤ ਹੈ ਕਿ ਧਾਰਯੋ ਰੂਪ ਸ਼ਾਂਤਿ ਹੈ ਕਿ ਮੋਖ ਹੂੰ ਕੋ ਕਾਂਤਿ ਹੈ ਕਿ ਬ੍ਰਹਮ ਹੀ ਵਿਰਾਜ ਹੈ,
ਰਾਗਨ ਕੋ ਬਾਗ ਹੈ ਕਿ ਜੀਵਨ ਕੋ ਭਾਗ ਹੈ ਕਿ ਧਰਾ ਕੋ ਸੁਹਾਰ ਹੈ ਕਿ ਗਰੰਥ ਮਹਾਰਾਜ ਹੈ ॥
(ਮਹਾਨ ਕੋਸ਼)

ਹਰ ਕਿਸੇ ਸੰਘਠਨ ਵਾਸਤੇ ਲਾਜ਼ਮੀਂ ਹੁੰਦਾ ਹੈ, ਕਿ ਉਹ ਆਪਣੇ ਪਿਛੋਕੜ ਦੀ ਯਾਦ ਰਖੇ ॥ ਚਲੋ ਆਪਾਂ ਭੀ ਇਵੇਂ ਹੀ ਕਰ ਕੇ ਦੇਖੀਏ : -

ਅੱਜ ਤੋਂ ਕੋਈ ੩੫੦੦ ਸਾਲ ਪਹਿਲਾਂ ਹਿੰਦੁਸਤਾਨ ਵਿਚ ਆਰੀਆ ਲੋਕ ਆਏ ॥ ਕੁਝ ਸਮੇਂ ਬਾਅਦ ਉਨ੍ਹਾਂ ਨੇ ਵੈਦਕ ਧਰਮ ਦੀ ਸ਼ੁਰੂਆਤ ਕੀਤੀ ॥ ਹੌਲੀ ਹੌਲੀ ਹਿੰਦੂ ਧਰਮ ਪੂਰੀ ਤਰ੍ਹਾਂ ਵਜੂਦ ਵਿਚ ਆ ਗਿਆ ॥ ਆਪਣੇ ਆਪ ਨੂੰ ੪ ਵਰਣਾਂ ਵਿਚ ਵੱਖਰਾ ਵੱਖਰਾ ਕਰ ਕੇ ਵੰਡ ਦਿੱਤਾ ਅਤੇ ਹਿੰਦੁਸਤਾਨ ਦੇ ਅਸਲੀ ਬੰਦਿਆਂ ਨੂੰ ਇਸ ਤੋਂ ਬਾਹਰ "ਅਵਰਣ" ਕਰਾਰ ਦੇ ਦਿੱਤਾ ॥ ਇੰਡੋ-ਆਰੀਅਨ ਦੇ ਧਰਮ ਦਾ ਅਸਰ ਦੱਖਣ ਵਿਚ ਵਸਦੇ, ਦ੍ਰਾਵੜ ਲੋਕਾਂ ਤੇ ਭੀ ਬਰਾਬਰ ਪਿਆ ॥

ਕੋਈ ੧੦੦੦ ਸਾਲ ਬਾਅਦ, ਬੁੱਧ ਧਰਮ ਵਜੂਦ ਵਿਚ ਆਇਆ, ਅਤੇ ਉਨ੍ਹਾਂ ਦਾ ਰਾਜ ੭੦੦ ਕੁ ਸਾਲ ਸਾਰੇ ਹਿੰਦੁਸਤਾਨ ਵਿਚ ਫੈਲਿਆ ਰਿਹਾ, ਪਰ ਅੰਤ ਨੂੰ ਬ੍ਰਾਹਮਣੀ ਹਿੰਦੂ ਮਤ ਨੇ ਐਸਾ ਗ਼ਲਬਾ ਪਾਇਆ, ਕਿ ਬੁੱਧ ਧਰਮ ਨੂੰ ਹਿੰਦੁਸਤਾਨ ਤੋਂ ਬਾਹਰ ਕੱਢ ਦਿੱਤਾ ॥

ਇਸ ਅਰਸੇ ਵਿਚ, ਸਿਕੰਦਰ ਤੇ ਹੋਰ ਪ੍ਰਦੇਸੀ ਲੋਕਾਂ ਨੇ, ਕਈ ਹਮਲੇ ਕੀਤੇ, ਪਰ ਸੰਨ ੧੦੦੧ ਤੋਂ, ਜਦੋਂ ਮਹਿਮੂਦ ਗੌਰੀ ਅਰਬ ਤੋਂ ਆਇਆ, ਇਸਲਾਮ ਨੇ ਆਪਣੇ ਪੈਰ ਪੱਕੇ ਤੌਰ ਤੇ ਆ ਜਮਾਏ ॥

ਗੁਰੂ ਨਾਨਕ ਦੇਵ ਜੀ ਦੇ ਵੇਲੇ ਲੋਧੀ ਸੁਲਤਾਨ ਦਿੱਲੀ ਦੇ ਤਖ਼ਤ ਤੇ ਸਨ ॥ ਮੁਸਲਮਾਨ, ਹਿੰਦੂਆਂ ਨੂੰ ਕਾਫ਼ਰ ਦਸਦੇ ਸਨ ਅਤੇ ਹਿੰਦੂ ਲੋਕਾਂ ਦੇ ਕੋਈ ਸ਼ਹਿਰੀਅਤ ਦੇ ਹਕ ਤਾਂ ਕੀ, ਉਨ੍ਹਾਂ ਦੀ ਜਾਨਵਰਾਂ ਜਿੰਨੀ ਭੀ ਵੁਕਅਤ ਨਹੀਂ ਸੀ ॥

ਉਸ ਸਮੇਂ ਦੇ ਹਿੰਦੂ ਧਰਮ ਦੇ ਪੈਰੋਕਾਰਾਂ ਦੀ ਗਿਰੀ ਹੋਈ ਹਾਲਤ ਨੂੰ, ਇਕ ਪ੍ਰਸਿਧ ਇਤਿਹਾਸਕਾਰ, ਲਾਲਾ ਦੌਲਤ ਰਾਇ ਇਉਂ ਵਰਨਣ ਕਰਦਾ ਹੈ :-

ਹਰੇਕ ਕਾ ਤਿਲਕ ਅਲਾਹਿਦਾ, ਤਿਲਕ ਕੀ ਸ਼ਕਲ ਅਲਾਹਿਦਾ
ਤਿਲਕ ਕਾ ਰੰਗ ਅਲਾਹਿਦਾ, ਮਾਲਾ ਔਰ ਮਣਕੇ ਜੁਦਾ-ਜੁਦਾ
ਕਿਸੀ ਕੀ ਲਕੜੀ ਕੀ, ਕਿਸੀ ਕੀ ਤੁਲਸੀ ਕੀ
ਕਿਸੀ ਕੀ ਰੁਦਾਖ ਕੀ, ਕਿਸੀ ਕੀ ਸੁਰਖ਼
ਕਿਸੀ ਕੀ ਸਬਜ਼, ਕਿਸੀ ਕੀ ਸਿਆਹ
ਕਿਸੀ ਕੀ ਸੁਫੈਦ, ਔਰ "ਕਿਸ ਕਾ ਜ਼ਿਕਰ ਕਰੇਂ?"
ਸਭ ਕੁਛ ਮੁਖਤਲਿਫ਼, ਔਰ ਜ਼ਾਹਿਰ ਮੁਤਿਜ਼ਾਦ
ਹਰ ਦੇਵਤਾ ਕਾ ਦੋਜ਼ਖ ਔਰ ਬਹਿਸ਼ਤ ਅਪਣਾ, ਨਰਕ ਅਪਣਾ ਸਵਰਗ ਅਪਣਾ ॥
ਦੇਵਤਾਉਂ ਮੇਂ ਜੰਗ ਐਸੀ, ਤੋਂ ਪੈਰੋਕਾਰੋਂ ਮੇਂ ਸੁਲਾਹ ਕੈਸੀ ?

ਈਸ਼ਵਰ ਕੋ ਵੋਹ ਦੂਰ ਦਸ਼ਾਇਆ, ਆਦਮੀ ਕਹਾਂ ਜਾਨਵਰ ਬਨਾਇਆ
ਜਿਨ ਕਾ ਨਾ ਮਜ਼ਹਬ ਏਕ, ਨਾ ਸਰਜ਼ ਏਕ, ਨਾ ਜ਼ੁਬਾਂ ਏਕ
ਨਾ ਇਖਲਾਕ ਏਕ, ਨਾ ਮੁਆਸ਼ ਏਕ
ਨਾ ਮੁਆਦ ਏਕ, ਨਾ ਇਬਾਦਤ ਏਕ
ਨਾ ਰਿਆਜ਼ਤ ਏਕ, ਨਾ ਤਰਜ਼ੇ ਜ਼ਿੰਦਗੀ ਏਕ
ਨਾ ਲਿਬਾਸ ਏਕ, ਨਾ ਖੁਸ਼ੀ ਏਕ
ਨਾ ਗ਼ਮੀ ਏਕ, ਨਾ ਉਮੀਦ ਏਕ
ਨਾ ਯਾਸ ਏਕ, ਨਾ ਗਿਜ਼ਾ ਏਕ
ਨਾ ਰਸਮੇਂ ਖਾਣਾ ਏਕ, ਨਾ ਸੂਰਤੇ ਯਗਾਨਤ ਏਕ
ਨਾ ਮਿਜਾਜ਼ ਏਕ, ਨਾ ਆਦਤ ਏਕ
ਨਾ ਇਨਸਾਨੀਅਤ ਏਕ, ਨਾ ਕੌਮੀਅਤ ਏਕ
ਤੋਂ "ਵਹਾਂ ਇਤੇਫਾਕ ਕੈਸਾ ?"
"ਦਰਦੇ ਹਮਾਂ ਕੈਸਾ ?"

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਰਾਗ ਆਸਾ ਵਿਚ, ਬਾਬਰ ਦੇ ਉਸ ਸਮੇਂ ਦਾ ਜ਼ਿਕਰ ਇਉਂ ਕਰਦੇ ਹਨ :-

ਜਿਨਿ ਸਿਰਿ ਸੋਹਨ ਪਟੀਆ, ਮਾਂਗੀ ਪਾਇ ਸੰਧੂਰੁ ॥
ਸਿ ਸਿਰ ਕਾਤੀ ਮੁੰਨੀਅਨੁ, ਗਲ ਵਿਚਿ ਆਵੈ ਧੂੜਿ ॥
ਮਹਲਾ ਅੰਦਰ ਹੋਦੀਆ, ਹੁਣ ਬਹਣ ਨ ਮਿਲਨਿ ਹਦੂਰਿ ॥
ਸਾਹਾ ਸੁਰਤ ਗਵਾਈਆ, ਰੰਗ ਤਮਾਸੈ ਚਾਇ ॥
ਬਾਬਰਵਾਣੀ ਫਿਰਿ ਗਈ, ਕੁਇਰੁ ਨ ਰੋਟੀ ਖਾਇ ॥

(ਪੰਨਾ ੪੧੮)

ਅਤੇ ਇਹ ਹਾਲਤ ਲਗਾਤਾਰ ੭੦੦ ਸਾਲ ਤਕ ਚਲੀ ਆਈ ਜਿਸਦਾ ਨਤੀਜਾ ਇਹ ਹੋਇਆ, ਕਿ ਗੁਰੂ ਨਾਨਕ ਦੇਵ ਜੀ ਮਨੁਖਤਾ ਦੀ ਇਹ ਤਰਸਯੋਗ ਹਾਲਤ ਦੇਖਕੇ, ਬਰਦਾਸ਼ਤ ਨਾ ਕਰ ਸਕੇ ॥ ਉਨ੍ਹਾਂ ਨੇ ਇਸ ਅਨਿਆਏ ਦੇ ਵਿਰੁਧ ਆਵਾਜ਼ ਉਠਾਈ ਤੇ ਸੰਘਰਸ਼ ਕੀਤਾ ॥

ਉਨ੍ਹਾਂ ਦ੍ਰਿੜ ਵਿਸ਼ਵਾਸ ਨਾਲ, "ਸਾਰੀ ਕਾਇਨਾਤ ਦਾ ਸਿਰਜਣਹਾਰ ਕਰਤਾਰ ਵਾਹਿਗੁਰੂ ਹੈ" ਦਾ ਢੰਡੋਰਾ ਦਿੱਤਾ, ਅਤੇ "ਸਰਬੱਤ ਦੇ ਭਲੇ" ਦਾ ਆਦਰਸ਼ ਸਾਹਮਣੇ ਰਖਿਆ ॥ ਉਨ੍ਹਾਂ ਆਖਿਆ : ਕਿ ਜਾਤਾਂ ਮਨੁਖ ਦੀਆਂ ਮਨੋਘਾੜਤ ਵੰਡੀਆਂ ਹਨ ॥ ਇਨਸਾਨ ਭਰਾ-ਭਰਾ ਹਨ ਅਤੇ ਪਰਮਾਤਮਾ ਦੀਆਂ ਨਜ਼ਰਾਂ ਵਿਚ ਇਕ ਬਰਾਬਰ ਹਨ ॥ ਐਥੋਂ ਤੱਕ, ਕਿ ਹਰ ਜੀਵ ਵਿਚ, ਸਿਰਜਣਹਾਰ ਦਾ ਨੂਰ ਹੈ, ਅਤੇ ਉਹ ਸਭ ਦੇ ਵਿਚ ਪ੍ਰਵੇਸ਼ ਕਰ ਰਿਹਾ ਹੈ :

"ਜਾਤਿ ਮਹਿ ਜੋਤਿ, ਜੋਤਿ ਮਹਿ ਜਾਤਾ, ਅਕਲ ਕਲਾ ਭਰਪੂਰਿ ਰਹਿਆ ॥

(ਸਲੋਕ : ਮਹਲਾ ੧, ਪੰਨਾ ੫੨੯)

ਅਤੇ ਪ੍ਰਭਾਤੀ ਮਹਲਾ ੧ ਵਿਚ ਫੁਰਮਾਇਆ ਹੈ :
"ਜਾਤਿ ਜਨਮੁ ਨਹ ਪੂਛੀਐ, ਸਚ ਘਰੁ ਲੇਹੁ ਬਤਾਇ ॥
ਸਾ ਜਾਤਿ ਸਾ ਪਤਿ ਹੈ, ਜੇਹੇ ਕਰਮ ਕਮਾਇ ॥" (ਪੰਨਾ ੧੩੩੦)

ਹੋਰ ਆਖਿਆ ਹੈ :
ਮਾਨੁਸ ਕੀ ਜਾਤਿ ਸਬੈ ਏਕੈ ਹੀ ਪਹਿਚਾਨਬੋ ॥

ਦਸਵੇਂ ਪਾਤਿਸ਼ਾਹ ਨੇ ਅਕਾਲ ਉਸਤਤਿ ਵਿਚ ਕਿਹਾ ਹੈ :
ਜ਼ਿਮੀ, ਜ਼ਮਾਨ ਕੇ ਬਿਖੈ, ਸਮਸਤ ਏਕ ਜੋਤ ਹੈ ॥
ਨਾ ਘਾਟ ਹੈ, ਨਾ ਬਾਢ ਹੈ, ਨਾ ਬਾਢ ਘਾਟ ਹੋਤ ਹੈ ॥
ਨਾ ਹਾਨਿ ਹੈ ਨਾ ਬਾਨ ਹੈ, ਸਮਾਨ ਰੂਪ ਜਾਨੀਐ ॥
ਮਕੀਨ ਔ ਮਕਾਨ, ਅੱਪ੍ਰਮਾਨ ਤੇਜ ਮਾਨੀਐ ॥ (ਅਕਾਲ ਉਸਤਤਿ)

ਇਹ ਗੱਲ ਵੀ ਸਪਸ਼ੱਟ ਹੈ, ਕਿ ਸਾਡੇ ਦਸੇ ਹੀ ਗੁਰੂ ਸਾਹਿਬਾਨ, ਵਖਰੇ ਵਖਰੇ ਜਾਮਿਆਂ ਵਿਚ ਹੁੰਦਿਆਂ ਹੋਇਆਂ ਦੀ ਜੋਤਿ ਇਕੋ ਹੀ ਹੈ ॥

੧. ਛੇ ਗੁਰੂ ਸਾਹਿਬਾਨ ਦੀ ਬਾਣੀ, ਜਿਹੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਹੈ, ਹਰ ਇਕ ਉਪਰ "ਨਾਨਕ" ਦੀ ਮੋਹਰ ਹੈ ॥ ਮਹਲਾ ਪਹਿਲਾ, ਮਹਲਾ ਚੌਥਾ ਆਦ ਦਸਦੇ ਹਨ, ਕਿਹੜੇ ਜਾਮੇ ਵਿਚ ਉਹ ਸ਼ਬਦ ਉਚਾਰਨ ਕੀਤਾ ਸੀ ॥
੨. ਗੁਰੂ ਗੋਬਿੰਦ ਸਿੰਘ ਜੀ ਨੇ "ਅਰਦਾਸ" ਲਿਖੀ, ਉਸ ਵਿਚ "ਗੁਰੂ" ਦਾ ਪਦ, ਸਿਰਫ਼ ਗੁਰੂ ਨਾਨਕ ਦੇਵ ਜੀ ਲਈ ਹੀ ਵਰਤਿਆ ਹੈ ॥ "ਗੁਰ" ਦਾ ਸ਼ਬਦ "ਅੰਗਦ" ਤੋਂ ਪਿਛੋਂ ਜਾ ਕੇ ਵਰਤਿਆ ਹੈ ॥ ਜ਼ਾਹਿਰ ਹੈ ਕਿ ਸਿੱਖ ਧਰਮ ਦੇ ਗੁਰੂ, ਗੁਰੂ ਨਾਨਕ ਦੇਵ ਜੀ ਹੀ ਹਨ, ਅਤੇ ਉਹੀ ਫਿਰ ਅੰਗਦ ਗੁਰੂ ਹੋਏ, ਸੋ ਉਨ੍ਹਾਂ ਦੀ ਜੋਤ ਗੁਰੂ ਗੋਬਿੰਦ ਸਿੰਘ ਰਾਹੀਂ ਹੁੰਦੀ ਹੋਈ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ ॥ ਸਿੱਖ ਧਰਮ ਦੁਨੀਆਂ ਦੇ ਅਨੇਕ ਧਾਰਮਕ ਰਸਤਿਆਂ ਵਿਚੋਂ, ਸਾਡੀ ਜਾਚੇ, ਇਕ ਸ਼ਰੋਮਣੀ ਰਸਤਾ ਉਹ ਹੈ, ਜੋ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਤਕ, ਦਸ ਗੁਰੂਆਂ ਨੇ ਉਲੀਕਿਆ ਅਤੇ ਪ੍ਰਚਾਰਿਆ ਹੈ ॥ ਇਹ ਹੈ "ਸਿੱਖ ਧਰਮ" ਅਤੇ ਇਸ ਧਰਮ ਦੇ ਮੋਟੇ ਮੋਟੇ ਨਿਯਮ ਇਹ ਹਨ ॥

ਸਾਰੀ ਸ੍ਰਿਸ਼ਟੀ ਦਾ ਕਰਤਾ ਇਕ ਅਕਾਲ ਪੁਰਖ ਵਾਹਿਗੁਰੂ ਹੈ ॥ ਉਸ ਵਾਹਿਗੁਰੂ ਦੀ ਪ੍ਰਾਪਤੀ ਲਈ ਜੂਝਣਾ ਹੀ ਮਨੁਸ਼ ਦਾ ਮੁੱਖ ਮਨੋਰਥ ਹੈ ॥ ਕਿਸੇ ਸਵਰਗ ਦੀ ਪ੍ਰਾਪਤੀ ਨਹੀਂ, ਸਗੋਂ ਪਰਮ ਪਤੀ ਵਾਹਿਗੁਰੂ ਨਾਲ ਅਖੰਡ ਲਿਵ ਜੋੜਕੇ ਆਪਾ ਗਵਾ ਕੇ ਇਕ ਮਿਕ ਹੋ ਜਾਣਾ ਹੈ ॥ ਅਜਿਹਾ ਕੀਤੇ ਬਿਨਾਂ "ਆਵਾਗਉਣ" ਦੀ ਸਮਾਪਤੀ ਨਹੀਂ ਹੁੰਦੀ ॥

ਗੁਰੂ ਨਾਨਕ ਜੀ ਨੇ ਵਾਹਿਗੁਰੂ ਦਾ ਰੂਪ ਮੂਲ ਮੰਤਰ ਵਿਚ ਇਉਂ ਉਲੀਕਿਆ ਹੈ : –

ੴ ਸਤਿਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ, ਸੈਭੰ ॥ ਗੁਰ ਪ੍ਰਸਾਦਿ ॥

ਅਰਥਾਤ :
ਵਾਹਿਗੁਰੂ "ਇਕ" (ਅਦੁੱਤੀ) ਹੈ ॥ ਸਦਾ ਅਵਿਨਾਸ਼ੀ ਹੈ ॥ ਸਭ ਕਾਸੇ ਦਾ ਰਚਣ ਵਾਲਾ ਉਹੀ ਹੈ ਅਤੇ

ਉਹ ਆਪ, ਅਪਣੀ ਰਚਨਾ ਦੇ ਅੰਦਰ ਹੀ ਸਮਾਇਆ ਹੋਇਆ ਹੈ ॥ ਵਾਰ ਆਸਾ ਵਿਚ ਫੁਰਮਾਉਂਦੇ ਹਨ ॥

"ਇਹ ਜਗ ਸੱਚੇ ਕੀ ਹੈ ਕੋਠੜੀ ਸੱਚੇ ਕਾ ਵਿਚ ਵਾਸ" (ਪੰਨਾ ੪੬੩)

ਗੁਰੂ ਸਾਹਿਬਾਨ ਨੇਂ ਪ੍ਰਮਾਤਮਾ ਦੀ ਨਿਰਗੁਣਤਾ ਅਤੇ ਸੁਗੁਣਤਾ ਨੂੰ ਬੜੀ ਖ਼ੂਬੀ ਨਾਲ ਨਖੇੜਿਆ ਹੈ ॥

ਅਤੇ ਜਾਪੁ ਸਾਹਿਬ ਵਿਚ, ਗੁਰੂ ਗੋਬਿੰਦ ਸਿੰਘ ਜੀ ਭੀ ਫੁਰਮਾਉਂਦੇ ਹਨ : -

"ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥
ਅਚਲ ਮੂਰਤਿ ਅਨੁਭਵ ਪ੍ਰਕਾਸ਼ ਅਮਿਤੋਜ ਕਹਿੱਜੈ ॥
ਕੋਟਿ ਇੰਦਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ ॥
ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ ॥ (ਦਸ਼ਮ ਗ੍ਰੰਥ)

ਇਹ ਉਹ ਵਾਹਿਗੁਰੂ ਹੈ ਜਿਸ ਤੋਂ ਬਿਨਾਂ ਕਿਸੇ ਗੁਰੂ ਦੇ ਸਿੱਖ ਲਈ ਹੋਰ ਕੋਈ ਸ਼ਕਤੀ ਪੂਜਨੀਕ ਨਹੀਂ ॥ ਜ਼ਾਹਿਰ ਹੈ, ਕਿ ਉਹ ਕਦੇ ਕਿਸੇ ਤੋਂ ਭੈ ਖਾਣ ਵਾਲਾ, ਜਾਂ ਕਿਸੇ ਨੂੰ ਡਰਾਉਣ ਵਾਲਾ ਨਹੀਂ ਹੈ ॥ ਨਿੱਤ ਆਨੰਦਰੂਪ ਹੈ, ਜਨਮ ਮਰਨ ਵਿਚ ਨਹੀਂ ਆਉਂਦਾ, ਉਹ ਸਭ ਦਾ ਕਰਤਾ ਹੈ, ਉਸਦਾ ਕਰਤਾ ਕੋਈ ਨਹੀਂ, ਅਤੇ ਉਸ ਮਹਾਂ ਜੋਤਿ ਦੀ ਕ੍ਰਿਪਾ ਨਾਲ, ਸਭ ਕੁਝ ਪ੍ਰਾਪਤ ਹੋ ਸਕਦਾ ਹੈ ॥

ਵਾਹਿਗੁਰੂ ਨੂੰ ਪਹੁੰਚਣ ਲਈ ਇਕ ਸੰਪੂਰਨ ਗੁਰੂ ਦੀ ਲੋੜ ਹੈ ; ਸਿਖ ਲਈ ਇਹ ਗੁਰੂ ਦਸ ਸਤਿਗੁਰੂ ਹਨ, ਅਤੇ ਉਨ੍ਹਾਂ ਦਾ ਸਮੁੱਚਾ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ॥

"ਸਤਿ ਪੁਰਖ ਜਿਨ ਜਾਨਿਆ ਸਤਿਗੁਰ ਤਿਸਕਾ ਨਾਉ ॥
ਤਿਸਕੇ ਸੰਗ ਸਿੱਖ ਉਧਰੈ, ਨਾਨਕ ਹਰ ਗੁਣ ਗਾਉ ॥ (ਸੁਖਮਨੀ ਮ :੫, ਪੰਨਾ ੩੪੬)

"ਬ੍ਰਹਮੁ ਬਿੰਦੈ ਸੋ ਸਤਿਗੁਰ ਕਹੀਏ, ਹਰਿ ਹਰਿ ਕਥਾ ਸੁਣਾਵੈ ॥" (ਮਲਾਰ ਮ:੪, ਪੰਨਾ ੧੨੬੪)

ਸਤਿਗੁਰਾਂ ਦੀ ਸੰਗਤ ਨਾਲ ਅਸੀਂ ਉਂਚਾ ਆਚਰਣ ਬਣਾਉਣਾ ਹੈ ॥ ਇਹ ਦੋ ਤਰ੍ਹਾਂ ਦਾ ਹੈ ॥

(ੳ) ਨਿੱਜੀ ਯਾਨੀ ਸ਼ਖਸੀ, ਅਤੇ

(ਅ) ਪੰਥਕ ਸ਼ਕਸੀ ਦੇ ਮੋਟੇ ਮੋਟੇ ਨੇਮ ਹਨ :-

(੧) ਵਾਹਿਗੁਰੂ ਨਾਲ ਲਿਵ ਜੋੜਕੇ, ਨਾਮ ਸਿਮਰਨ ਕਰਨਾ ॥

"ਦੁਖ ਭੁਖ ਨਾ ਵਿਆਪਈ ਜੇ ਸੁਖਦਾਤਾ ਮਨ ਹੋਇ ॥
ਕਿਤ ਹੀ ਕੰਮ ਨਾ ਛਿਜੀਐ ਜਾ ਹਿਰਦੈ ਸਚਾ ਸੋਇ ॥ (ਸ੍ਰੀ ਰਾਗ ਮ:੫, ਪੰਨਾ ੪੩)

(੨) ਗੁਰਬਾਣੀ ਦਾ ਪਾਠ ਨਿਤ ਕਰਨਾ ॥ ਅਤੇ ਇਸ ਗਲ ਦਾ ਖਿਆਲ ਰਖਣਾ :

ਮੂੜ ਰੂੜ ਪੀਟਤ, ਨ ਗੂੜਤਾ ਕੋ ਪਾਵੈ ਭੇਦ ॥
ਪੂਜਤ ਨ ਤਾਹਿ, ਜਾਕੇ ਰਾਖੇ ਰਹੀਅਤ ਹੈ ॥" (ਅਕਾਲ ਉਸਤਤਿ)

ਸਾਹਿਬ ਇਹ ਭੀ ਯਾਦ ਕਰਾਉਂਦੇ ਹਨ :

ਬਾਣੀ ਬਿਰਲਉ ਬੀਚਾਰਸੀ, ਜਿ ਕੋ "ਗੁਰਮੁਖ" ਹੋਇ ॥ (ਓਅੰਕਾਰ, ਪੰਨਾ ੯੯੫)

(੩) ਮਨੁੱਖ ਮਾਤਰ ਨੂੰ ਆਪਣੇ ਭਾਈ ਜਾਣ ਕੇ, ਜਾਤ ਪਾਤ ਅਤੇ ਦੇਸ਼ ਦਾ ਭੇਦ ਤਿਆਗ ਕੇ ਪ੍ਰੇਮ ਕਰਨਾ ਅਤੇ ਨਿਸ਼ਕਾਮ ਸੇਵਾ ਕਰਨੀ ॥ .....

"ਤੂੰ ਸਾਝਾ ਸਾਹਿਬ, ਬਾਪ ਹਮਾਰਾ ॥" (ਮਾਝ ਮਹਲਾ ੫, ਪੰਨਾ ੧੫੭)

"ਏਕੁ ਪਿਤਾ ਏਕਸ ਕੇ ਹਮ ਬਾਰਕ ॥" (ਸੋਰਠ ਮ:੫, ਪੰਨਾ ੬੨੧)

(੪) ਗ੍ਰਿਹਸਥ ਵਿਚ ਰਹਿ ਕੇ, ਆਪਣੀ ਧਰਮ ਦੀ ਕਮਾਈ ਨਾਲ ਨਿਰਬਾਹ ਕਰਨਾ ॥
"ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤ ॥
ਹਸੰਦਿਆਂ, ਖੇਲੰਦਿਆਂ, ਪੈਨੰਦਿਆਂ, ਖਾਵੰਦਿਆਂ ਵਿਚੇ ਹੋਵੈ ਮੁਕਤਿ (ਮ: ੫, ਪੰਨਾ ੫੨੨)
"ਘਾਲਿ ਖਾਏ, ਕਿਛ ਹਥਹੁ ਦੇਇ ਨਾਨਕ ਰਾਹ ਪਛਾਣਹਿ ਸੇਇ ॥ (ਮ: ੧, ੧੨੪੫)

(੫) ਅਵਿਦਆ, ਛੂਤ-ਛਾਤ, ਜੰਤਰ ਮੰਤਰ, ਮੂਰਤੀ ਪੂਜਾ ਅਤੇ ਅਨਮਤਾਂ ਦੇ ਕਰਮਜਾਲਾਂ ਨੂੰ ਛਡਕੇ, ਗੁਰਮਤ ਤੇ ਚਲਣਾ ॥ ਸਦਾ ਪ੍ਰਮੇਸ਼ਰ ਦੇ ਸਿਮਰਨ ਵਿਚ ਜੁੜੇ ਰਹਿਣਾ ॥
"ਬਿਨ ਕਰਤਾਰ ਨਾ ਕਿਰਤਮ ਮਾਨੋਂ ਆਦ ਅਜੋਨ, ਅਜੈ ਅਬਨਾਸ਼ੀ ॥
ਤਿਹ ਪ੍ਰਮੇਸ਼ਵਰ ਜਾਨੋਂ ॥ (ਪਾ: ੧੦ ਹਜ਼ਾਰੇ)"

(ੲ) ਪੰਥਕ ਆਚਰਣ ਦੀ ਵਸ਼ੇਸ਼ਤਾ ਅਤੇ ਬਹਾਲੀ ਨੂੰ ਕਾਇਮ ਰਖਣ ਅਤੇ ਪ੍ਰਚਾਰਨ ਲਈ :-

(੧) ਜਥੇਬੰਦੀ ਦੇ ਨਿਯਮਾਂ ਵਿਚ ਆ ਕੇ ਸਿੱਖ ਧਰਮ ਦੀ ਰਹਿਤ ਮਰਿਆਦਾ ਤੇ ਪੱਕਿਆਂ ਰਹਿਣਾ ॥

(੨) ਪੰਥ ਨੂੰ ਗੁਰੂ ਰੂਪ ਜਾਣ ਕੇ, ਤਨੋਂ ਮਨੋਂ ਅਤੇ ਧਨੋਂ ਸਹਾਇਤਾ ਕਰਨੀ ॥

(੩) ਗੁਰਮਤ ਨੂੰ ਸਾਧ ਸੰਗਤ ਵਿਚ ਸ਼ਮੂਲੀਅਤ ਕਰਦਿਆਂ ਹੋਇਆਂ, ਪੂਰਨ ਵਿਸ਼ਵਾਸ ਨਾਲ ਆਪਣੇ ਅੰਦਰ ਸਮੋ ਲੈਣਾ ॥ ਅਤੇ ਜੱਗ ਵਿਚ ਇਸਦਾ ਸ਼ਰਧਾ ਨਾਲ ਪ੍ਰਚਾਰ ਕਰਨਾ ॥

(੪) ਗੁਰੂ ਨਾਨਕ ਦੇ ਨਾਮ ਲੇਵਾ, ਭਾਵੇਂ ਕਿਸੇ ਵੀ ਭੇਖ ਅਤੇ ਰੂਪ ਵਿਚ ਹੋਣ, ਉਨ੍ਹਾਂ ਨੂੰ ਸਿੱਖ ਧਰਮ ਦਾ ਅੰਗ ਜਾਣਕੇ, ਸਨੇਹ ਕਰਨਾ, ਅਤੇ ਹਰ ਵੇਲੇ ਸਰਬੱਤ ਦਾ ਭਲਾ ਲੋਚਣਾ ॥
".... ਜੋ ਦੀਸੈ ਗੁਰਸਿਖੜਾ ਤਿਸੁ ਨਿਵ ਨਿਵ ਲਾਗਉ ਪਾਇ ਜੀਉ " (ਸੂਹੀ ਮਹਲਾ ੫, ਪੰਨਾ ੮੬੩)

(੫) ਗੁਰਦੁਆਰਿਆਂ ਤੇ ਧਰਮ ਅਸਥਾਨਾਂ ਦੀ ਮਰਿਯਾਦਾ, ਸਤਿ[illegible]ਾਂ ਦੇ ਹੁਕਮ ਅਨੁਸਾਰ ਕਾਇਮ ਰੱਖਣੀ ॥
"ਮੈ ਬਧੀ ਸਚਿ ਧਰਮਸਾਲ ਹੈ ॥ ਗੁਰਸਿਖਾ ਲਹਿਦਾ ਭਾਲਕੇ ॥
ਪੈਰ ਧੋਵਾ, ਪੱਖਾ ਫੇਰਦਾ, ਤਿਸੁ ਨਿਵ ਨਿਵ ਲਗਾ ਪਾਇ ਜੀਉ ॥ (ਸ੍ਰੀ ਰਾਗ ਮ:੫, ਪੰਨਾ ੭੩)

ਗੁਰੂ ਗੋਬਿੰਦ ਸਿੰਘ ਜੀ ਆਪਣੇ "ਦਸ ਸਵੈਈਆਂ" ਵਿਚ ਕਹਿੰਦੇ ਹਨ, ਕਿ ਉਨ੍ਹਾਂ ਨੇ ਜੈਨੀ, ਬੁਧ ਧਰਮੀ, ਸਿੱਧ, ਜੋਗੀ, ਜਤੀ, ਬ੍ਰਹਮਚਾਰੀ, ਸੂਰਮੇ ਅਤੇ ਅਨੇਕਾਂ ਪ੍ਰਕਾਰ ਦੇ ਸੰਤਾਂ ਦੇ ਟੋਲੇ ਦੇਖੇ ਜਿਨ੍ਹਾਂ ਨੂੰ ਆਪਣੀਆਂ ਕਰਨੀਆਂ ਤੇ ਮਾਣ ਸੀ ॥ ਬੜੇ ਠਾਠ ਵਾਲੇ ਰਾਜੇ, ਬਲਕਾਰੀ ਯੋਧੇ ਤੇ ਬਹਾਦਰ ਵੀ ਬੜੀ ਪ੍ਰਕਾਰ ਦੇ ਦੇਖੇ ॥ ਅਤੇ ਉਹ ਵੀ ਡਿੱਠੇ, ਜਿਹੜੇ ਰੱਬ ਦੀ ਪ੍ਰਾਪਤੀ ਲਈ ਅਨੇਕਾਂ ਸਾਧਨ ਕਰਦੇ ਹਨ ॥ ਪਰ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਰੱਬੀ ਮਿਹਰ ਇਸ ਲਈ ਪ੍ਰਾਪਤ ਨਹੀਂ ਹੋਈ, ਕਿ ਪਰਮਾਤਮਾ ਨਾਟਕ ਕੀਤਿਆਂ, ਹਠ ਤਿਆਗ ਕੀਤਿਆਂ, ਰਿਧੀਆਂ ਸਿਧੀਆਂ, ਦਾਨ ਦਹਾਜ, ਜਾਂ ਸ਼ਾਨ ਸ਼ੋਕਤ ਨਾਲ ਨਹੀਂ ਪ੍ਰਾਪਤ ਹੁੰਦਾ ॥ ਸਗੋਂ ਇਹ ਗਲਾਂ ਤਾਂ ਪ੍ਰਭੂ ਪ੍ਰਾਪਤੀ ਲਈ ਔਕੜਾਂ ਹਨ ॥ ਗੁਰੂ ਸਾਹਿਬ ਕਹਿੰਦੇ ਹਨ ਕਿ ਵਾਹਿਗੁਰੂ ਤਾਂ ਕੇਵਲ ਪਿਆਰ ਅਤੇ "ਗੁਰਪ੍ਰਸਾਦਿ" ਨਾਲ ਹੀ ਮਿਲਦੇ ਹਨ ॥ ਆਪ ਆਖਦੇ ਹਨ :

ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂੰ ਤੇ ਏਕ ਰਤੀ ਬਿਨ ਏਕ ਰਤੀ ਕੇ ॥"

(ਜੇ ਪ੍ਰਭੂ ਲਈ ਸ਼ਰਧਾ ਨਹੀਂ ਉਪਜਦੀ, ਤਾਂ ਪ੍ਰਭੂ ਦੇ ਪਿਆਰ ਤੋਂ ਸੱਖਣੇ ਦਾ ਮੁੱਲ, ਇਕ ਰੱਤੀ ਵੀ ਨਹੀਂ ਹੈ) ਇਹ ਭਾਵ ਸਵਈਆਂ ਵਿਚ ਕਈ ਥਾਈਂ ਦੱਸੇ ਗਏ ਹਨ :-

ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨ ਅੰਤ ਕੋ ਅੰਤ ਕੇ ਧਾਮ ਸਿਧਾਰੇ ॥
ਸ੍ਰੀ ਭਗਵਾਨ ਭਜੇ ਬਿਨ ਭੂਪਤਿ ਏਕ ਰਤੀ ਬਿਨ ਏਕ ਨਾ ਲੇਖੈ ॥

ਸ੍ਰੀ ਪਤਿ ਸ੍ਰੀ ਭਗਵਾਨ ਕ੍ਰਿਪਾ ਬਿਨ ਤਿਆਗਿ ਜਹਾਨ ਨਿਦਾਨ ਚਲੈਂਗੇ ॥

(ਫੇਰ) ਜੇ ਸ੍ਰੀ ਪਤ ਕੇ ਪਰਸ ਹੈਂ ਪਗ, ਤੇ ਨਰ ਫੇਰ ਨ ਦੇਹ ਧਰੈਂਗੇ ॥ (੧੦ ਸਵਈਏ)

ਇਹਨਾਂ ਤੁਕਾਂ ਵਿਚ ਗੁਰੂ ਸਾਹਿਬ ਨੇ ਚੰਗੀ ਤਰ੍ਹਾਂ ਖੋਲ੍ਹ ਕੇ ਦੱਸਿਆ ਹੈ ਕਿ ਪ੍ਰਭੂ ਦੀ ਕ੍ਰਿਪਾ ਬਿਨਾਂ ਬੰਦੇ ਵਿਚ ਉਸ ਲਈ ਸ਼ਰਧਾ ਨਹੀਂ ਉਪਜ ਸਕਦੀ, ਤੇ ਸ਼ਰਧਾ ਬਿਨਾਂ ਪ੍ਰਾਪਤੀ ਨਹੀਂ ਹੋ ਸਕਦੀ ॥ ਉਸ ਬਿਨਾਂ ਕੋਈ ਸਾਧਨ ਸਫਲ ਨਹੀਂ ਹੋ ਸਕਦਾ ॥ ਸ਼ਰਧਾ ਬਿਨਾਂ ਭਜਨ ਨਹੀਂ ਹੋ ਸਕਦਾ ॥ ਨਾਮ ਨਹੀਂ ਜਪਿਆ ਜਾ ਸਕਦਾ ॥ ਕਿਉਂਕਿ ਪ੍ਰੇਮ ਆਪ ਪ੍ਰਭੂ ਹੈ ॥ ਪ੍ਰਭੂ ਦਾ ਪ੍ਰਕਾਸ਼ ਹੈ ॥ ਪ੍ਰਭੂ-ਪ੍ਰੇਮ ਗਿਆਨ ਲਈ ਜ਼ਰੂਰੀ ਹੈ ॥ ਜੇ ਪ੍ਰਭੂ ਪ੍ਰੇਮ ਦਾ ਹੀ ਦੂਜਾ ਨਾਂ ਹੈ, ਤਾਂ ਉਸ ਵਿਚ ਲੀਨ ਹੋਣ ਲਈ ਪ੍ਰੇਮ ਹੀ ਬਣਨਾ ਪਵੇਗਾ, ਕਿਉਂਕਿ-

"ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ॥" (ਕਬੀਰ ਪੰਨਾ ੧੩੭੨)

ਗੁਰੂ ਗੋਬਿੰਦ ਸਿੰਘ ਜੀ ਦੇ ਗੁਰ ਗੱਦੀ ਤੇ ਬੈਠਣ ਤਕ, ਸਿੱਖਾਂ ਨੂੰ ੨੦੬ ਸਾਲ ਦੀ ਲਗਾਤਾਰ ਗੁਰੂ ਸਿੱਖਿਆ ਦਾ ਤਜਰਬਾ ਹੋ ਚੁੱਕਾ ਸੀ ॥ ਇਸ ਸਮੇਂ ਵਿਚ, "ੴ ਵਾਹਿਗੁਰੂ ਦਾ ਸਿਮਰਨ ਉਚ-ਨੀਚ ਤੋਂ ਛੁਟਕਾਰਾ, ਸੰਗਤ-ਪੰਗਤ, ਅਤੇ ਹੋਰ ਸਮਾਜ ਸੁਧਾਰਕ ਗੁਣ, ਜਿਹਾ ਕਿ ਸਤੀ ਦਾ ਤਰਕ, ਵਿਧਵਾ-ਵਿਆਹ ਦਾ ਅਪਣਾਉਣਾ, ਆ ਚੁੱਕੇ ਸਨ ॥ ਗੁਰੂ ਰਾਮਦਾਸ ਜੀ ਨੇ ਸਿੱਖਾਂ ਲਈ ਅੰਮ੍ਰਿਤਸਰ ਸਰੋਵਰ ਬਣਾਇਆ ॥ ਤੇ ਪੰਚਮ ਪਾਤਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਸੰਕਲਨ ਤਿਆਰ ਕੀਤਾ, ਅਤੇ ਸ੍ਰੀ ਹਰੀਮੰਦਰ ਸਾਹਿਬ ਵਿਚ ਪ੍ਰਕਾਸ਼ ਕਰਕੇ ਫੁਰਮਾਇਆ : -

ਸੰਤਹੁ ਰਾਮਦਾਸ ਸਰੋਵਰੁ ਨੀਕਾ, ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ (ਸੋਰਠਿ ਮ:੫, ਪੰਨਾ ੬੨੩)

ਇਸ ਨਿਰੰਕਾਰੀ ਬਾਣੀ ਬਾਰੇ ਗੁਰੂ ਨਾਨਕ ਦੇਵ ਜੀ ਨੇਂ ਆਖਿਆ ਹੈ : -

"ਤਾ ਮੈ ਕਹਿਆ ਕਹਿਣ ਜਾ ਤੁਝੈ ਕਹਾਇਆ (ਵਡਹੰਸ ਮ:੧, ਪੰਨਾ ੫੬੬)

ਗੁਰੂ ਰਾਮਦਾਸ ਜੀ ਨੇ ਇਸ ਫੁਰਮਾਨ ਦੀ ਤਾਈਦ ਕਰਦਿਆਂ ਹੋਇਆਂ ਆਖਿਆ : -

"ਸਤਿਗੁਰੁ ਕੀ ਬਾਣੀ ਸਤਿ ਸਤਿ ਕਰ ਜਾਣਹੁ ਗੁਰਸਿਖਹੁ ॥
ਹਰਿ ਕਰਤਾ, ਆਪ ਮੁਹਹੁ ਕਢਾਏ॥" (ਵਾਰ ਗਉੜੀ ਮ:੪, ਪੰਨਾ ੩੦੨)

ਅਤੇ ਗੁਰੂ ਗੋਬਿੰਦ ਸਿੰਘ ਜੀ ਨੇਂ ਭੀ ਇਹ ਸਪੱਸ਼ਟ ਕਰ ਦਿਤਾ :-

"ਮੈਂ ਨਾ ਕਹਿਉ ਸਭ ਤੋਹਿ ਬਖਾਨਿਉ ॥" (ਸਵੈਯੇ)

ਆਪਣੇ ਤੋਂ ਵਧੀਕ ਆਦਰ ਮਾਣ ਸਾਡੇ ਗੁਰੂ ਸਾਹਿਬਾਨ "ਬਾਣੀ" ਨੂੰ ਦਿੰਦੇ ਸਨ :-

"ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰ ਬਾਣੀ ਕਹੈ, ਸੇਵਕੁ ਜਨ ਮਾਨੈ, ਪਰਤਖਿ ਗੁਰੂ ਨਿਸਤਾਰੇ ॥ (ਨਟ ਮਹਲਾ ੪, ਪੰਨਾ ੯੮੨)

ਗੁਰੂ ਗੋਬਿੰਦ ਸਿੰਘ ਜੀ ਨੇ ਅਨੁਭਵ ਕੀਤਾ ਕਿ ਸਿੱਖਾਂ ਪਾਸ ਹੁਣ ਸਾਰੀਆਂ ਦਾਤਾਂ ਹਨ, ਪਰ ਅਜੇ ਭੀ ਉਹ ਸਵੈਮਾਣ, ਤੇ ਸਵੈ-ਸ਼ਕਤੀ ਨਹੀਂ ਸਨ ਆਈਆਂ, ਜਿਨ੍ਹਾਂ ਦੇ ਆਸਰੇ, ਉਹ ਹਕੂਮਤ ਦੇ ਜਬਰ, ਜ਼ੁਲਮ ਤੇ ਜ਼ਿਆਦਤੀਆਂ ਦਾ ਮੁਕਾਬਲਾ ਕਰਨ, ਤੇ ਆਪਣੇ ਇਨਸਾਨੀ ਹੱਕ ਲੈ ਸਕਣ ॥ ਇਸ ਦੀ ਪੂਰਤੀ ਲਈ ਉਨ੍ਹਾਂ ਨੇਂ ਖਾਲਸਾ ਪੰਥ ਦੀ ਸਾਜਨਾ ਕੀਤੀ ॥ ਉਹ ਫੁਰਮਾਉਂਦੇ ਹਨ : -

"ਖ਼ਾਲਸਾ ਅਕਾਲ ਪੁਰਖ ਕੀ ਫ਼ੌਜ, ਪ੍ਰਗਟਿਉ ਖ਼ਾਲਸਾ, ਪ੍ਰਮਾਤਮ ਕੀ ਮੌਜ ॥"

ਸੋ ਸੰਨ ੧੬੯੯ ਦੀ ਵੈਸਾਖੀ ਵਾਲੇ ਦਿਨ, ਸਿਰਫ਼ ਖ਼ਾਲਸੇ ਦਾ ਜਨਮ ਹੀ ਨਹੀਂ ਹੋਇਆ ॥ ਸਾਰੇ ਗੁਰੂ ਸਾਹਿਬਾਨ ਦੇ ੨੩੦ ਸਾਲਾਂ ਦੇ ਪਰਚਾਰ, ਸਿਖਿਆ, ਅਤੇ ਕੁਰਬਾਨੀਆਂ ਦਾ ਸਦਕਾ, ਇਕ ਨਵੀਂ ਕੌਮ ਪੈਦਾ ਹੋ ਗਈ ॥ ਗੁਰੂ ਨਾਨਕ ਦੇਵ ਜੀ ਦੇ ਫ਼ੁਰਮਾਨ : "ਨਾ ਹਮ ਹਿੰਦੂ ਨਾਂ ਮੁਸਲਮਾਨ" ਨੂੰ ਅਮਲੀ ਜਾਮਾ ਦਿੱਤਾ ਗਿਆ ॥ ਹੁਣ ਮੁਲਕ ਵਿਚ ਦੋ ਤੁਲਵਾਰਾਂ ਹੋ ਗਈਆਂ - ਇਕ ਹਕੂਮਤ ਦੀ ਤੇ ਦੂਜੀ ਖ਼ਾਲਸੇ ਦੀ ॥ ਇਕ ਮਿਆਨ ਵਿਚ ਦੋ ਤਲਵਾਰਾਂ ਤਾਂ ਵਾਸ ਨਹੀਂ ਕਰ ਸਕਦੀਆਂ ਸਨ ॥ ਸੋ ਨਿਰਸੰਦੇਹ, ਇਨ੍ਹਾਂ ਦੀ ਜ਼ੋਰ ਆਜ਼ਮਾਈ ਹੋਣੀ ਹੀ ਸੀ ॥ ਔਰੰਗਜ਼ੇਬ ਭੀ ਗੁਰੂ ਸਾਹਿਬ ਨਾਲ ਲੜਾਈਆਂ ਕਰਦਾ ਥੱਕ ਗਿਆ ਅਤੇ ਜ਼ਫ਼ਰਨਾਮਾ ਫ਼ਾਰਸੀ ਵਿਚ ਲਿਖ ਕੇ ਗੁਰੂ ਜੀ ਨੇ ਉਸਦੇ ਜਬਰ, ਜ਼ੁਲਮ ਤੇ ਪਾਪਾਂ ਤੇ ਕੁਕਰਮਾਂ ਨੂੰ ਨੰਗਿਆਂ ਕੀਤਾ ॥ ਉਸ ਨੂੰ ਚਿਤਾਵਨੀ ਦਿੱਤੀ ਕਿ ਕਿਆਮਤ ਦੇ ਦਿਨ ਉਸ ਨੂੰ ਵੀ ਆਪਣੀਆਂ ਕਾਲੀਆਂ ਕਰਤੂਤਾਂ ਦਾ ਖ਼ੁਦਾ ਦੀ ਦਰਗਾਹ ਵਿਚ ਹਿਸਾਬ ਦੇਣਾ ਪਵੇਗਾ, ਤੇ ਉਸ ਦੀ ਦਰਗਾਹ ਵਿਚ ਖ਼ੁਦਾ ਅੱਗੇ ਉਸ ਦੀ ਕੋਈ ਚਲਾਕੀ ਤੇ ਮੱਕਾਰੀ ਨਹੀਂ ਚੱਲੇਗੀ ॥ ਉਸ ਵੇਲੇ ਉਹ ਕਿਹੜੀ ਸਫ਼ਾਈ ਪੇਸ਼ ਕਰੇਗਾ ? ਉਸ ਨੂੰ ਚੰਗੀ ਤੁਰ੍ਹਾਂ ਸਪਸ਼ਟ ਕਰ ਦਿੱਤਾ ਕਿ ਖ਼ਾਲਸਾ, ਜੋ ਪੈਦਾ ਹੋ ਚੁੱਕਾ ਹੈ, ਉਹ ਉਸ ਨਾਲ ਲੇਖਾ ਡਿਓਢਾ ਕਰਕੇ ਹੀ ਦਮ ਲਵੇਗਾ, ਉਸ ਨੂੰ ਛੱਡੇਗਾ ਨਹੀਂ ॥

ਇਕੋ ਹੀ ਵਿਅਕਤੀ ਵਿਚ ਸਾਰੇ ਗੁਣ ਮਿਲਣੇ ਅਸੰਭਵ ਹਨ, ਪਰ ਗੁਰੂ ਜੀ ਹਰ ਪੱਖੋਂ ਕਾਮਿਲ ਸਨ ॥ ਦੌਲਤ ਰਾਏ ਦੇ ਕਥਨ ਅਨੁਸਾਰ : ਉਚ ਕੋਟੀ ਦੇ ਕਵੀ, ਧਾਰਮਿਕ ਆਗੂ, ਧਰਮ ਸੁਧਾਰਕ ਤੇ ਫ਼ੌਜ ਦੇ ਅਣਥੱਕ ਸਿਪਾਹ-ਸਾਲਾਰ ਸਨ ॥ ਕਵੀ ਵੀ ਐਸੇ ਸਨ ਕਿ ਕਵਿਤਾ ਵਿਚ ਵਿਸ਼ੇ-ਵਸਤੂ ਤੇ ਵਲਵਲੇ ਅਨੇਕ ਪ੍ਰਕਾਰ ਦੇ ਸਨ ॥ ਬੜੀ ਸੂਝ ਤੇ ਤੀਖਣ ਬੁੱਧੀ ਵਾਲੇ ਰੀਫਾਰਮਰ ਸਨ, ਜੋ ਬੁਨਿਆਦੀ ਕਮਜ਼ੋਰੀ ਦੀ ਜੜ੍ਹ ਨੂੰ ਹੀ ਪਛਾਣਦੇ ਤੇ ਪਕੜਦੇ ਸਨ ਅਤੇ ਉਸ ਨੂੰ ਜੜ੍ਹੋਂ ਹੀ ਉਖਾੜਦੇ ਸਨ ॥ ਧਾਰਮਿਕ ਆਗੂ ਅਜਿਹੇ ਹਰ-ਮਨ ਪਿਆਰੇ, ਕਿ ਉਨ੍ਹਾਂ ਦੇ ਅਨੇਕਾਂ ਸੇਵਕ, ਉਨ੍ਹਾਂ ਤੋਂ ਪ੍ਰਾਣ ਕੀ, ਸਭ ਕੁਛ ਨਿਛਾਵਰ ਕਰ ਗਏ ॥ ਬੜੇ ਜਾਹੋ ਜਲਾਲ ਵਾਲੇ, ਦੂਰ-ਦ੍ਰਿਸ਼ਟੀ ਵਾਲੇ, ਸੱਚੇ ਸੁੱਚੇ ਦੇਸ਼ ਭਗਤ, ਕੌਮ ਤੋਂ ਆਪਾ ਵਾਰਨ ਵਾਲੇ, ਸਭ ਕੁਛ ਘੋਲ ਘੁਮਾਉਣ ਵਾਲੇ, ਅਣਥੱਕ ਕੌਮੀ ਉਸੱਰੀਏ ਅਤੇ ਸ਼ਹੀਦਾਂ ਵਿਚੋਂ ਲਾਸਾਨੀ ਸ਼ਹੀਦ ਸਨ ॥

ਇਹ ਉਨ੍ਹਾਂ ਦੀ ਦੀਰਘ ਸੋਚ ਵਿਚਾਰ ਤੇ ਚਿੰਤਨ ਦਾ ਹੀ ਚਮਤਕਾਰ ਸੀ, ਕਿ ਖ਼ਾਲਸਾ ਧਰਮ ਦੀ ਪੱਕੇ ਪੈਰਾਂ ਅਤੇ ਦ੍ਰਿੜ੍ਹ ਅਸੂਲਾਂ ਤੇ, ਐਸੀ ਬੁਨਿਆਦ ਰੱਖੀ, ਕਿ ਤਲਵਾਰਾਂ ਦੀ ਛਾਂ ਹੇਠਾਂ, ਤੋਪਾਂ ਦੀ ਭਾਰੀ ਮਾਰ ਅੱਗੇ, ਤੇ ਇਸਲਾਮੀ ਰਾਜ ਦੇ ਠਾਠਾਂ ਮਾਰਦੇ ਜੋਸ਼, ਜ਼ੁਲਮ ਤੇ ਜਬਰ ਅੱਗੇ, ਅਸਿਹ ਤੇ ਅਕਹਿ ਕਸ਼ਟਾਂ ਵਿਚ ਵੀ, ਛਾਂਗੇ ਹੋਏ ਬ੍ਰਿਛ ਵਾਂਗ ਵਧਦਾ ਹੀ ਗਿਆ ॥ ਹਰ ਪ੍ਰਾਣੀ, ਜਿਸ ਨੇ ਅੰਮ੍ਰਿਤ ਪਾਨ ਕੀਤਾ, ਉਸ ਵਿਚ ਆਪਣੇ ਤੇਜ ਪਰਤਾਪ ਨਾਲ, ਅਜਿਹੇ ਗੁਣ ਭਰੇ, ਤੇ ਉਸ ਦੀ ਐਸੀ ਕਾਇਆਂ ਕਲਪ ਕਰਕੇ, ਨਵੀਨ ਸ਼ਖ਼ਸੀਅਤ ਪੈਦਾ ਕਰ ਦਿਤੀ, ਕਿ ਉਹ ਮੌਤ ਨਾਲ ਮਖੌਲ ਕਰਨ ਲੱਗਾ, ਤੇ ਸਿਰ ਤਲੀ ਤੇ ਧਰ ਕੇ, ਰਣ-ਭੂਮੀ ਵਿਚ ਭੰਗੜਾ ਪਾਉਣ ਲੱਗਾ ॥ ਜਿਥੇ ਗੁਰੂ ਜੀ ਦਾ ਪਸੀਨਾ ਡੁਲ੍ਹਦਾ, ਉਥੇ ਸਿੰਘ ਲਹੂ ਡੋਲ੍ਹਦੇ ॥ ਸਿੰਘਾਂ ਵਿਚ ਹਿੰਮਤ, ਤੇ ਹੌਸਲੇ ਦੀ ਅਜਿਹੀ ਫੂਕ ਮਾਰੀ, ਅਜਿਹੀ ਜੀਵਨ ਜੋਤੀ ਜਗਾਈ, ਕਿ ਇਕ ਇਕ ਸਿੱਖ, ਹਜ਼ਾਰਾਂ ਦਾ ਟਾਕਰਾ ਕਰਨ ਲੱਗ ਪਿਆ ॥

ਅਜਿਹੇ ਕੌਮੀ ਪਰਵਾਨੇ ਪੈਦਾ ਕੀਤੇ, ਕਿ ਉਨ੍ਹਾਂ ਨੂੰ ਆਪਣੇ ਜੀਵਨ ਦੇ ਸੁਖ, ਆਪਣੇ ਪਰਵਾਰਾਂ ਦਾ ਮੋਹ ਪਿਆਰ ਵੀ ਕੁਰਬਾਨੀ ਦੇ ਰਾਹ 'ਚੋਂ ਰੋਕ ਨਾ ਸਕੇ, ਨਾ ਹੀ ਕੋਈ ਹੋਰ ਦੁਨੀਆਵੀ ਸੁਖ ਜਾਂ ਚਿੰਤਾ, ਉਨ੍ਹਾਂ ਦੇ ਇਰਾਦਿਆਂ ਅੱਗੇ ਖਲੋ ਸਕੀ ॥ ਗੁਰੂ ਜੀ ਨੇ, ਫੌਲਾਦੀ ਪਾਹ ਦੇ ਕੇ, ਸਰਬਲੋਹ ਦਾ ਅੰਮ੍ਰਿਤ

ਪਿਲਾ ਕੇ, ਫੌਲਾਦੀ ਇਰਾਦੇ ਦੇ ਮਾਲਕ, ਫੌਲਾਦੀ ਇਨਸਾਨ ਪੈਦਾ ਕੀਤੇ, ਜੋ ਹਰ ਮੁਸੀਬਤ, ਤੇ ਹਰ ਤਕਲੀਫ਼ ਨੂੰ ਇਕ ਫੌਲਾਦੀ ਸ਼ਕਤੀ ਨਾਲ, ਖਿੜੇ ਮੱਥੇ ਪਰਵਾਨ ਕਰਨ ਲੱਗੇ ॥ ਉਨ੍ਹਾਂ ਨੇਂ ਸਿੰਘਾਂ ਨੂੰ, ਆਪਣੀ ਹੋਂਦ ਤੇ ਮਿਸ਼ਨ ਦਾ ਅਜਿਹਾ ਪਾਠ ਪੜ੍ਹਾਇਆ, ਤੇ ਅਜਿਹਾ ਮੰਤਰ ਦ੍ਰਿੜ੍ਹ ਕਰਾਇਆ, ਕਿ ਉਹ ਕੌਮੀ ਕਰਤੱਵ ਦਾ, ਅਜੱਪਾ ਜਾਪ ਹੀ ਕਰਨ ਲੱਗ ਪਏ ॥ ਉਨ੍ਹਾਂ ਨੂੰ ਜ਼ਿੱਲਤ ਦੀ ਖੱਡ ਵਿਚੋਂ ਕੱਢ ਕੇ, ਉੱਚਾ ਮਰਤਬਾ ਦਿੱਤਾ ॥ ਗੁਰੂ ਜੀ ਦੇ ਤਪ ਤੇਜ ਦੇ ਸੂਰਜ ਅੱਗੇ, ਬ੍ਰਾਹਮਣਾਂ ਤੇ ਪੰਡਤਾਂ ਦੇ ਮੰਡਲਾਉਂਦੇ ਬੱਦਲ, ਕਾਫ਼ੂਰ ਹੋ ਗਏ ॥ ਬ੍ਰਾਹਮਣਾਂ ਤੇ ਪੰਡਤਾਂ ਪਾਸੋਂ ਕੁਝ ਨਾ ਸਰਿਆ, ਤੇ ਉਹ ਚੂੰ ਚਰਾਂ ਵੀ ਨਾ ਕਰ ਸਕੇ ॥ ਇਹ ਸਭ ਕੁਝ ਕਿਸੇ ਕਾਹਲੀ ਦਾ ਸਿੱਟਾ ਨਹੀਂ ਸੀ, ਸਗੋਂ ਸਾਹਿਬਾਂ ਨੇ ਇਸ ਦੀ ਨੀਂਹ ਦੀਰਘ ਸੋਚ ਵਿਚਾਰ ਤੇ ਡੂੰਘੇ ਚਿੰਤਨ ਤੇ ਰੱਖੀ ਸੀ ॥

ਗੁਰੂ ਜੀ ਦੀ ਬਾਣੀ, ਤੇ ਬੋਲਾਂ ਵਿਚ ਚੁੰਬਕ ਵਾਲੀ ਖਿਚ ਸੀ, ਤੇ ਮਿਸ਼ਰੀ ਵਾਲੀ ਤਾਸੀਰ ਸੀ ॥ ਜੋ ਕੁਝ ਵੀ ਸਿੱਖਾਂ ਨੂੰ ਹੁਕਮ ਕਰਦੇ ਸਨ, ਉਹ ਹਰ ਵੇਲੇ ਸਿਰ ਮੱਥੇ ਤੇ ਮੰਨਣ ਲਈ, ਹਾਜ਼ਰ ਖੜੇ ਰਹਿੰਦੇ, ਤੇ ਗੁਰੂ ਜੀ ਦੇ ਬਚਨਾਂ ਤੋਂ ਆਪਣੇ ਪ੍ਰਾਣ ਵਾਰਨ ਲਈ, ਸਦਾ ਤਤਪਰ ਰਹਿੰਦੇ ॥ ਸਿੱਖਾਂ ਵਿਚ ਗੁਰੂ ਜੀ ਦੇ ਬਚਨਾਂ ਪ੍ਰਤੀ, ਅਗਾਧ ਸ਼ਰਧਾ ਸੀ ॥ ਇਹ ਕਹਿਣ ਮਾਤਰ ਦੀ ਗੱਲ ਨਹੀਂ, ਸਗੋਂ ਇਤਿਹਾਸ ਗਵਾਹ ਹੈ, ਕਿ ਉਹ ਸਦਾ ਗੁਰੂ ਜੀ ਦੇ ਹੁਕਮ ਤੋਂ ਜਾਨਾਂ ਵਾਰਦੇ ਰਹੇ, ਤੇ ਆਪਣਾ ਸਭ ਕੁਝ ਲੁਟਾਂਦੇ ਰਹੇ ॥ ਇਸ ਦਾ ਡੂੰਘਾ ਭੇਦ ਇਸ ਗੱਲ ਵਿਚ ਸੀ, ਕਿ ਗੁਰੂ ਜੀ ਆਪਣੇ ਸਿੰਘਾਂ ਨਾਲ ਇਕੋ ਜਿਹਾ ਵਰਤਾਉ ਕਰਦੇ ਸਨ ॥ ਉਨ੍ਹਾਂ ਦੀ ਨਜ਼ਰ ਵਿਚ ਸਭ ਬਰਾਬਰ ਸਨ, ਅਤੇ ਕੋਈ ਕਿਸੇ ਤਰ੍ਹਾਂ ਦਾ ਵੀ ਭਿੰਨ ਭੇਦ ਨਹੀਂ ਸੀ, ਤੇ ਹਰ ਸਿੱਖ ਦੇ ਦਿਲ ਵਿਚ, ਇਹ ਗੱਲ ਘਰ ਕਰ ਚੁੱਕੀ ਹੋਈ ਸੀ ॥ ਗੁਰੂ ਜੀ ਬਹੁਤ ਮਿਠ ਬੋਲੇ, ਮਿੱਠੇ ਸੁਭਾ ਵਾਲੇ, ਤੇ ਨਿਘੇ ਵਰਤਾ ਵਾਲੇ ਸਨ ॥

ਹੱਕ-ਸ਼ਨਾਸ ਤੇ ਆਦਲ ਐਸੇ ਸਨ, ਕਿ ਪੰਜ ਪਿਆਰੇ ਸਾਜ ਕੇ, ਉਨ੍ਹਾਂ ਦੇ ਸ਼ਰੋਮਣੀ ਅਸਥਾਨ ਨੂੰ ਆਪ ਉਨ੍ਹਾਂ ਪਾਸੋਂ ਨਿਮਰਤਾ ਨਾਲ ਅੰਮ੍ਰਿਤ ਛਕਕੇ, ਉਨ੍ਹਾਂ ਦੇ ਉਚੇ ਅਸਥਾਨ ਨੂੰ ਸਵੀਕਾਰਿਆ ॥ ਐਸੀ ਮਿਸਾਲ, ਹੋਰ ਕਿਸੇ ਧਰਮ ਵਿਚ ਨਹੀਂ ਮਿਲਦੀ ॥ ਆਪਣੇ ਹੀ ਸਾਜੇ ਹੋਏ ਖ਼ਾਲਸੇ ਨਾਲ ਪਿਆਰ ਇਤਨਾਂ ਅਤੇ ਗੁਰੂ ਜੀ ਦੇ ਮਨ ਦੀ ਉਦਾਰਤਾ ਇਤਨੀ ਸੀ ਕਿ ਫ਼ੁਰਮਾਉਂਦੇ ਹਨ :-
ਖ਼ਾਲਸਾ ਮੇਰੋ ਰੂਪ ਹੈ ਖਾਸ ਖ਼ਾਲਸਾ ਮਹਿ ਹਉ ਕਰੌਂ ਨਿਵਾਸ ॥"

ਅਤੇ "ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀਂ ਮੁਹ ਸੋ ਗਰੀਬ ਕਰੋਰ ਪਰੇ ॥"

ਸੋ ਗੁਰੂ ਗੋਬਿੰਦ ਸਿੰਘ ਜੀ ਦੇ ਸਮਾਜਵਾਦੀ ਧਰਮ ਦਾ ਆਸ਼ਾ ਤੇ ਆਦਰਸ਼ "ਦੇਗ, ਤੇਗ ਅਤੇ ਫ਼ਤਿਹ" ਦੀ ਤ੍ਰੈ-ਮੂਰਤੀ ਹੀ ਹਨ ॥ ਗੁਰੂ ਜੀ ਇਹ ਅਨੁਭਵ ਕਰਦੇ ਸੀ, ਕਿ ਹੁਣ ਉਨ੍ਹਾਂ ਦਾ ਖ਼ਾਲਸਾ, ਇਸ ਕਾਬਲ ਹੋ ਗਿਆ ਹੈ, ਕਿ ਆਪਣੀ ਰਾਜਨੀਤਕ ਕਿਸਮਤ ਆਪ ਬਣਾ ਸਕੇ ॥ ਸੋ ਆਪ ਨੇ, ਬਾਬਾ ਗੁਰਬਖ਼ਸ਼ ਸਿੰਘ ਜੀ ਬੰਦਾ ਬਹਾਦਰ ਨੂੰ, ਆਪਣੀ ਆਸ਼ੀਰਵਾਦ ਨਾਲ, ਹੈਦਰਾਬਾਦ ਤੋਂ ਪੰਜਾਬ ਵੱਲ ਟੋਰਿਆ ॥ ਸਿੰਘ ਹੁਮ ਹੁਮਾ ਕੇ ਉਸਦੇ ਨਾਲ ਜੁੜੇ, ਅਤੇ ਦੇਖਦਿਆਂ ਹੀ ਦੇਖਦਿਆਂ, ਲੋਹਗੜ੍ਹ ਸਾਹਿਬ ਵਿਚ ਪਹਿਲੇ ਸਿੱਖ ਰਾਜ ਦੀ ਰਾਜਧਾਨੀ ਬਣ ਗਈ ॥ ਪਹਿਲੇ ਸਿੱਕੇ ਉਤੇ ਉਕਰਿਆ ਹੋਇਆ ਸੀ :-

"ਸਿੱਕਾ ਜ਼ੱਦ ਹਰ ਦੋ ਆਲਮ, ਤੇਗ਼ੇ ਨਾਨਕ ਸਾਹਿਬ ਅੱਸਤ ॥

ਫ਼ਤਹਿ ਗੋਬਿੰਦ ਸਿੰਘ, ਸ਼ਾਹੇ ਸ਼ਾਹਾਨ, ਫ਼ਜ਼ਲੇ ਸੱਚਾ ਸਾਹਿਬ ਅੱਸਤ ॥

ਤੇ ਜਿਹੜੀ ਖ਼ਾਲਸਾ ਰਾਜ ਦੀ ਸ਼ਾਹੀ "ਸੀਲ" ਜਾਂ ਮੋਹਰ ਸੀ, ਉਹ ਸੀ –
ਦੇਗੋ, ਤੇਗੋ, ਫ਼ਤੇਹ, ਓ ਨੁਸਰਤ ਬੇਦੁੰਗ ॥ ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ॥

ਬਹਾਦਰ ਸ਼ਾਹ ਬਾਦਸ਼ਾਹ ਨੇ, ਇਸ ਪਹਿਲੇ ਸਿੱਖ ਰਾਜ ਦਾ ਖ਼ਾਤਮਾ ਸੰਨ ੧੭੧੬ ਵਿਚ ਕਰ ਦਿੱਤਾ, ਪਰ ਗੁਰੂ ਦੇ ਸਿੰਘ, ਹੁਣ ਕਿਸੇ ਦੇ ਜਬਰ ਜ਼ੁਲਮ ਵਾਲੇ ਰਾਜ ਹੇਠ, ਪਹਿਲਾਂ ਵਰਗਾ ਜੀਵਨ ਕਦਾਚਿਤ ਨਹੀਂ ਬਿਤਾ ਸਕਦੇ ਸਨ ॥ ਅਹਿਮਦ ਸ਼ਾਹ ਅਬਦਾਲੀ ਦੇ ਨੌਂ ਹਮਲੇ ਹਿੰਦੁਸਤਾਨ ਤੇ ਹੋਏ ॥ ਤਿੰਨ ਵਾਰ ਹਰਿਮੰਦਰ ਸਾਹਿਬ ਦੀ ਬੇਹੁਰਮਤੀ ਹੋਈ ॥ ਸਿੰਘਾਂ ਦੀਆਂ ੧੨ ਮਿਸਲਾਂ ਬਣੀਆਂ ॥ ਆਪਸ ਦੇ ਨਿੱਜੀ ਝਗੜਿਆਂ ਨੂੰ ਛੱਡਕੇ, ਕੌਮ ਦੀ ਭੀੜਾਂ ਵੇਲੇ, ਸਭ ਇਕੱਠੇ ਹੋ ਜਾਂਦੇ ॥ ਛੋਟਾ ਤੇ ਵੱਡਾ ਘੱਲੂਘਾਰੇ ਹੋਏ ॥ ਸਿੰਘਾਂ ਨੇ ਬੇਹੱਦ ਸ਼ਹੀਦੀਆਂ ਦਿੱਤੀਆਂ, ਔਕੜਾਂ ਝੱਲੀਆਂ, ਪਰ ਗੁਰਮਤ ਦਾ ਸਾਥ ਨਾ ਛੱਡਿਆ ॥

ਅਖ਼ੀਰ ਖ਼ਾਲਸੇ ਦੇ ਜਨਮ ਦੇ ਠੀਕ ਇਕ ਸੌ ਸਾਲ ਪਿਛੋਂ ਸਿੰਘ ਸਾਹਿਬ ਰਣਜੀਤ ਸਿੰਘ ਨੇ ਲਾਹੌਰ ਸੰਭਾਲਿਆ॥ ਖ਼ਾਲਸਾ ਘਟ ਗਿਣਤੀ (minority) ਵਿਚ ਸਨ, ਪਰ ਚੂੰਕਿ ਰਾਜ ਖ਼ਾਲਸਾ ਸੀ, ਉਨ੍ਹਾਂ ਨੇ ਹਿੰਦੂ ਦੇ ਗਲੋਂ ਸਦਾ ਲਈ ਜਜ਼ੀਆ ਲਾਹ ਦਿੱਤਾ ਤੇ ਬਰਾਬਰੀ ਦੀ ਸ਼ੈਹਰੀਅਤ ਦੇ ਦਿਤੀ ॥ ਮੁਸਲਮਾਨ, ਚੂੰਕਿ ਰਾਜ ਦੇ ਨਸ਼ੇ ਵਿਚ ਸੀ, ਉਸਨੂੰ ਭੀ ਬਰਾਬਰੀ ਵਿਚ ਲੈ ਆਉਣਾ ਜਰੂਰੀ ਕੀਤਾ ॥ ਸਿੱਖ ਰਾਜ ਦਾ ਕਰਤਵ ਸੀ :

"ਨਾ ਕੋ ਵੈਰੀ ਨਹੀ ਬੇਗਾਨਾ ਸਗਲ ਸੰਗ ਹਮ ਕਉ ਬਨਿ ਆਈ ॥ (ਕਾਨੜਾ ਮਹਲਾ ੫, ਪੰਨਾ ੧੨੯੯)

ਇਸ ਤਰ੍ਹਾਂ ਖ਼ਾਲਸਾ ਰਾਜ ਅੱਧੀ ਸਦੀ ਤਾਂਈ ਚਲਦਾ ਰਿਹਾ ॥ ਇਹ ਇਕ ਬਲਯੁਤ ਤੇ ਸ਼ਕਤੀਸ਼ਾਲੀ ਆਜ਼ਾਦ ਮੁਲਕ ਸੀ ॥ ੧੮੩੯ ਵਿਚ ਮਹਾਰਾਜਾ ਰਣਜੀਤ ਸਿੰਘ ਦੀਆਂ ਅੱਖੀਆਂ ਮੀਟਣ ਤੋਂ ੧੦ ਸਾਲ ਅੰਦਰ ਜਿਨਹਾਂ ਕਾਰਨਾਂ ਕਰਕੇ ਆਪਾਂ ਖ਼ਾਲਸਾ ਰਾਜ ਗੁਆਇਆ, ਉਹ ਆਪਣੇ ਇਤਿਹਾਸ ਦਾ ਦੁਖਦਾਈ ਤੇ ਸ਼ਰਮਨਾਕ ਕਾਂਡ ਹੈ ॥ ਸਾਨੂੰ ਮੁੜ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਆਉਣ ਦੀ ਲੋੜ ਹੈ ॥ ਉਨ੍ਹਾਂ ਦੀ ਬਖ਼ਸ਼ਸ਼ ਦਾ ਸਦਕਾ ਮਹਾਰਾਜਾ ਰਾਜਨੀਤੀ ਸਮਝਦਾ ਸੀ ॥ ਹੁਣ ਭੀ ਲੋੜ ਹੈ, ਕਿ ਅਸੀਂ ਇੱਕ ਦੂਸਰੇ ਤੇ ਚਿੱਕੜ ਸੁੱਟਣ ਨਾਲੋਂ, ਆਪਣੇ ਸਮੁੱਚੇ ਕੌਮੀ ਮਿਆਰ ਨੂੰ ਗੁਰੂ ਸਾਹਿਬਾਨ ਦੇ ਜੀਵਨ, ਉਨ੍ਹਾਂ ਦੀ ਕਥਨੀ ਅਤੇ ਕਰਨੀ ਦੀ ਰੈਹਬਰੀ ਦੀ ਲੋ ਲੈ ਕੇ ਮੁੜ ਸੁਰਜੀਤ ਕਰੀਏ ॥ ਦਸਵੇਂ ਪਾਤਸ਼ਾਹ ਨੇ ਖ਼ਾਲਸੇ ਨੂੰ ਵਰ ਦਿੱਤਾ ਸੀ:

"ਜਿਨ ਕੀ ਜਨਮ ਜਾਤ ਅਰ ਕੁਲ ਮੈਂ ਸਰਦਾਰੀ ਕਬਹੂੰ ਨਹੀਂ ਆਈ,
ਤਿਨਕੋ ਮੈਂ ਸਰਦਾਰ ਬਣਾਊ, ਅਰ ਰਾਜ ਕਰਨ ਕੀ ਰੀਤ ਸਿਖਾਊਂ ॥

ਪਰ ਨਾਲ ਹੀ ਨਾਲ, ਦਸਵੇਂ ਪਾਤਸ਼ਾਹ ਇਉਂ ਭੀ ਫੁਰਮਾਉਂਦੇ ਹਨ :-
ਧੰਨ ਜੀਉ ਤਿਹ ਕੋ ਜਗ ਮੈਂ, ਮੁਖ ਤੇ ਹਰਿ ਚਿਤ ਮੈਂ ਜੁਧ ਬੀਚਾਰੈ ॥
ਦੇਹ ਅਨਿੱਤ ਨਾ ਨਿੱਤ ਰਹੈ, ਜਸ ਨਾਵ ਚੜ੍ਹੈ, ਭਵ ਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ, ਬੁੱਧਿ ਸੁ ਦੀਪਕ ਜਿਉਂ ਉਜਿਆਰੈ ॥

ਗਿਯਾਨੈ ਕੀ ਬਢਨੀ ਮਨੋ ਹਾਥ ਲੈ, ਕਾਤਰਤਾ ਕੁਤਵਾਰ ਬੁਹਾਰੈ ॥ (ਕ੍ਰਿਸ਼ਨ ਅਵਤਾਰ)

ਅੰਤ ਵਿਚ ਇਕ ਤੁਛ ਸੁਝਾਉ ਹੈ, ਕਿ ਸਿੱਖ ਧਰਮ ਦੀ ਸਾਰੀ ਫ਼ਲਸਫੀ ਏਕਤਾ ਵਿਚ ਹੈ, ਅਤੇ ਹਰ ਸਿੱਖ-ਗੁਰੂ ਸਾਹਿਬਾਨ ਦੀ ਸ਼ਰਨ ਹੈ ॥ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜ ਕੇ, ਕਿਸੇ ਇਕ ਸਿੰਘ ਦੀ ਪਰਖ ਕਰਨ ਦੀ ਤਾਕਤ ਕਿਸੇ ਭੀ ਵਿਅਕਤੀ ਨੂੰ, ਭਾਵੇਂ ਉਹ ਕਿਡਾ ਹੀ ਮਾਨੁਵਰ ਕਿਉਂ ਨਾ ਹੋਵੇ ਨਹੀਂ ਬਖ਼ਸ਼ੀ ॥ ਸਿੰਘ ਦੀ ਪਰਖ ਗੁਰੂ ਸਾਹਿਬ ਦੇ ਆਪਣੇ ਹੀ ਹੱਥ ਹੈ ॥ ਉਹੀ ਇਹ ਪਰਖ ਕਰ ਸਕਦੇ ਹਨ, ਕਿ ਉਨ੍ਹਾਂ ਦਾ ਸਿੱਖ, ਪੂਰੇ ਤੋਲ ਉਤਰਿਆ ਹੈ ਜਾਂ ਨਹੀਂ ॥ ਸਿੱਟਾ ਇਹ ਹੋਇਆ, ਕਿ ਹਰ ਸਿੱਖ ਨੇ ਆਪਣਾ ਲੇਖਾ ਆਪ ਹੀ ਆਪਣੇ ਗੁਰੂ ਨੂੰ ਤਾਰਨਾ ਹੈ ॥ ਕਿਸੇ ਵਿਚੋਲੇ ਜਾਂ ਮਸੰਦ ਦੀ ਕੋਈ ਥਾਂ ਨਹੀਂ ਹੈ ॥ ਕਿਉਂਕਿ

"ਤਿਸ ਕਾ ਸਰੀਕੁ ਕੋ ਨਹੀ, ਨਾ ਕੋ ਕੰਟਕੁ ਵੈਰਾਈ ॥" (ਵਾਰ ਵਡਹੰਸ ਮ:੩, ਪੰਨਾ ੫੯੨)

ਦੂਸਰੇ ਪਾਸੇ, ਇਸ ਗੱਲ ਦਾ ਧਿਆਨ ਭੀ ਰੱਖਣ ਦੀ ਲੋੜ ਹੈ ਕਿ ਅਸੀਂ ਕੋਈ ਆਰਟੀਕਲ ਲਿਖਕੇ, ਜਾਂ ਵਿਆਖਿਆਨ ਕਰਕੇ, ਸਿਰਫ਼ ਲੁਕਾਈ ਨੂੰ ਹੀ ਸਿਖਿਆ ਦੇਣ ਦੇ ਚਾਹਵਾਨ ਰਹਿੰਦੇ ਹਾਂ, ਜਾਂ ਨਿੱਜੀ ਤੌਰ ਤੇ ਆਪ ਭੀ ਕੁਛ ਹਾਸਲ ਕਰਦੇ ਹਾਂ ?

ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ ਹੈ :

"ਕਹਾਂ ਭਯੋ ਜੋ ਦੋਊ ਲੋਚਨ ਮੂੰਦ ਕੈ, ਬੈਠ ਰਹਿਓ ਬਕ ਧਿਆਨ ਲਗਾਇਉ ॥
ਨ੍ਹਾਤ ਫਿਰਿਉ ਲੀਏ ਸਾਤ ਸਮੁੰਦਰਨ, ਲੋਕ ਗਯੋ ਪ੍ਰਲੋਕ ਗਵਾਇਉ ॥
ਬਾਸ ਕੀਉ ਬਿਖਿਆਨ ਸੋ ਬੈਠਕੇ, ਐਸੇ ਹੀ ਐਸ ਸੁ ਬੈਸ ਬਿਤਾਇਉ ॥
ਸਾਚ ਕਹੋਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਉ ਤਿਨ ਹੀ ਪ੍ਰਭ ਪਾਇਉ ॥

ਇਸ ਲਈ ਅਤਿ ਹਲੀਮੀ ਸਹਿਤ, ਮਨੋ ਉਪਜੀ ਧੁਨ ਨਾਲ ਆਰਾਧੀਏ :

ਗੁਰ ਸੇਵਾ ਮਨ ਕਰਤੀ ਨਿਰਮਲ, ਨਿਰਮਲ ਮਨ ਤੇ ਗਿਯਾਨ ॥
ਗਿਆਨ ਭਏ, ਆਤਮ ਸੁਖ ਪਾਵੈ, ਜਾਂ ਤੇ ਸਭ ਦੁਖ ਹਾਨ ॥

ਸਿਖ ਧਰਮ ਦੀ ਵਿਲੱਖਣਤਾ

ਇਹ ਸਿਰਫ ਕੰਨ ਵਲੇਲ ਵਾਲੀ ਗਲ ਹੀ ਨਹੀਂ, ਠੀਕ ਹੀ ਹੈ, ਕਿ ਕਈ ਸ਼ਰਾਰਤੀ ਅੰਸਰ, ਸਿਖ ਧਰਮ ਨੂੰ ਢਾਹ ਲਾਉਣ ਦੀ ਖਾਤਰ, ਜ਼ਬਾਨੀ ਪ੍ਰਚਾਰਦੇ ਸੁਣੇ ਜਾਂਦੇ ਹਨ, ਅਤੇ ਸਮੇਂ ਸਮੇਂ ਲਿਖਤੀ ਰੂਪ ਵਿਚ ਭੀ ਦਿਸਦੇ ਹਨ ਕਿ ਸਿਖ ਧਰਮ, ਹਿੰਦੂ ਧਰਮ ਦੀ ਹੀ ਇਕ ਸ਼ਾਖ ਹੈ, ਜਾਂ ਸਿਖ ਧਰਮ ਇਸਲਾਮ ਅਤੇ ਹਿੰਦੂ ਮਤ ਦਾ ਮਿਲਗੋਭਾ (ਕੰਪ੍ਰੋਮਾਈਜ਼) ਹੀ ਹੈ ॥ ਇਸ ਵਿਚ ਕੋਈ ਨਵੀਨਤਾ ਨਹੀਂ ॥ ਇਸ ਵਿਚ ਕੋਈ ਸ਼ਕ ਨਹੀਂ, ਕਿ ਇਹ ਨਿਰੀਆਂ ਗ਼ਲਤ ਬਿਆਨੀਆਂ ਹੀ ਹਨ ॥ ਸਿਖ ਪੰਥ ਦਾ ਭੀ ਇਹੋ ਯਕੀਨ ਹੈ, ਅਤੇ ਇਹ ਗਲ ਸਚੀ ਹੀ ਹੈ, ਕਿ :-

"ਸਿੱਖ ਧਰਮ ਇਕ ਸੁਤੰਤਰ ਧਰਮ ਹੈ" ॥

ਇਸ ਲਈ, ਚਲੋ ਜ਼ਰਾ ਹੋਰਨਾਂ ਧਰਮਾਂ ਦੇ ਅਸੂਲਾਂ ਵਲ ਧਿਆਨ ਦੇਈਏ, ਤੇ ਫਿਰ ਦੀਰਘ ਗਹੁ ਅਤੇ ਵਿਚਾਰ ਨਾਲ ਦੇਖੀਏ ਕਿ ਕੀ ਸੱਚੀਂ ਮੁਚੀਂ ਸਿੱਖ ਧਰਮ ਕਿਸੇ ਹੋਰ ਧਰਮ ਦੀ ਸ਼ਾਖ ਹੈ ? ਜਾਂ ਆਪਣੇ ਅਸੂਲਾਂ ਦੁਆਰਾ, ਇਹ ਵੱਖਰਾ ਅਤੇ ਸੁਤੰਤਰ ਧਰਮ ਹੈ ?

ਇਕ ਪਾਸੇ ਗ਼ੈਰ ਭਾਰਤੀ ਧਰਮ ਯਹੂਦੀ, ਈਸਾਈ, ਇਸਲਾਮ ਅਤੇ ਜ਼ਰਤੁਸਤ (ਜ਼ੋਰੋਆਸਟ੍ਰੀਅਨ) ਹਨ ॥ ਦੂਸਰੇ ਪਾਸੇ ਭਾਰਤ ਦੇ (ਹਿੰਦੂ, ਬੁਧ, ਜੈਨ ਅਤੇ ਸਿੱਖ) ਧਰਮ ਹਨ ॥

ਯਹੂਦੀ ਇਹ ਇਬਰਾਹੀਮ ਅਤੇ ਉਸਦੇ ਪੁਤਰ ਈਸਾ ਅਤੇ ਜੇਕਬ ਦੀ ਵੰਸ਼ ਦੇ ੧੨ ਕਬੀਲਿਆਂ ਨੂੰ ਯਹੂਦੀ ਆਖਦੇ ਹਨ ॥ ਇਸ ਦਾ ਮੂਲ ਰੱਬ ਦੀ ਇਬਰਾਹੀਮ ਨਾਲ ਹੋਈ ਪ੍ਰਤਿਗਿਆ ਵਿਚ ਹੈ ॥ ਇਸ ਮਤ ਦਾ ਰੱਬ, ਸਾਰੀ ਸ੍ਰਿਸ਼ਟੀ ਦਾ ਰੱਬ ਨਹੀਂ ਸੀ ॥ ਉਹ ਇਕ ਜਾਤੀ -ਸਬੰਧੀ (ਨੈਸ਼ਨਲ) ਰੱਬ ਸੀ ॥ ਪਹਿਲਾਂ, ਯਹੂਦੀ ਬੁਤ-ਪ੍ਰਸਤ ਨਹੀਂ ਸਨ, ਪਰ ਮਿਸਰੀ ਬੰਦਸ਼ ਤੋਂ ਛੁਟਕਾਰਾ ਪਾਉਣ ਪਿਛੋਂ, ਉਨ੍ਹਾਂ ਨੇ ਫਲਸਤੀਨ ਵਿਚ, ਯਾਹੋਵਾਹ ਦੀ ਮੂਰਤੀ ਨੂੰ ਇਕ ਸੁਨੈਹਰੀ ਬੈਲ ਵਰਗੀ ਬਣਾ ਕੇ ਉਸਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ, ਅਤੇ ਫੇਰ ਉਹ ਬਹੁ-ਦੇਵ ਪੁਜਾਰੀ ਬਣ ਗਏ ॥ ਪਰ ਸਮਾ ਪਾਕੇ ਉਨ੍ਹਾਂ ਨੇ ਮੂਰਤੀਆਂ ਨੂੰ ਪੂਜਣਾ ਬਿਲਕੁਲ ਛਡ ਦਿੱਤਾ ॥ ਹੌਲੀ ਹੌਲੀ ਧਰਮ ਅਤੇ ਰਾਜ ਦੋਵੇਂ ਮੁਖ-ਪੁਜਾਰੀ (ਹਾਈ ਪ੍ਰੀਸਟ) ਦੇ ਹੱਥ ਵਿਚ ਆ ਗਏ ॥ ਸੁੱਨਤ ਕਰਨੀ, ਸਿਰਫ ਉਸ ਜਾਨਵਰ ਦਾ ਮਾਸ ਖਾਣਾ, ਜਿਸਦੇ ਖੁਰ ਫਟੇ ਹੋਣ ਅਤੇ ਉਹ ਉਗਾਲੀ ਕਰਦਾ ਹੋਵੇ (ਇਸ ਕਰਕੇ ਸੂਰ ਖਾਣਾ ਵਿਵਰਜਤ ਹੈ); ਪਰ ਖਾਣ ਵਾਲੇ ਜਾਨਵਰ ਨੂੰ ਕੁਹਕ (ਕੋਸ਼ਰ) ਦੇ ਤਰੀਕੇ ਨਾਲ ਮਾਰਨਾ ਤਾਂ ਕਿ ਖਾਣ ਤੋਂ ਪਹਿਲਾਂ ਉਸ ਜਾਨਵਰ ਦੀ ਲੋਥ ਵਿਚੋਂ ਸਾਰਾ ਲਹੂ ਚੋ ਚੁਕਾ ਹੋਵੇ ॥ ਇਹ ਕਾਢਾਂ ਇਸੇ ਧਰਮ ਦੀਆਂ ਹੀ ਹਨ ॥ ਇਨ੍ਹਾ ਦੇ ਧਰਮ ਅਸਥਾਨ ਨੂੰ **ਸਿਨੇਗੋਗ** ਕਿਹਾ ਜਾਂਦਾ ਹੈ ॥ ਇਸ ਅੰਦਰ, ਆਦਮੀਂ ਅਤੇ ਔਰਤਾਂ ਵਖੋ ਵਖਰੀਆਂ ਥਾਂਵਾਂ ਉਤੇ ਬੈਠਦੇ ਹਨ ॥ ਇਨ੍ਹਾਂ ਦੀ ਧਰਮ ਪੁਸਤਕ "ਤੋਰਾ" ਹੈ, ਜਿਸਨੂੰ ਉਹ ਬੜੇ ਸਤਿਕਾਰ ਨਾਲ ਰੇਸ਼ਮੀ ਰੁਮਾਲਾਂ ਵਿਚ ਲਪੇਟਕੇ ਰਖਦੇ ਹਨ, ਅਤੇ ਸਮੇਂ ਸਮੇਂ ਸੰਗਤਾਂ ਨੂੰ ਇਸਦੇ ਦਰਸ਼ਨ ਕਰਾਂਉਂਦੇ ਹਨ ॥ ਇਸ ਵਿਚ ਅੰਕਤ ਅਸੂਲ ਖਾਸ ਰੱਬ ਵਲੋਂ ਦਿਤੇ ਹੋਏ ਦਰਸਾਏ ਹਨ ॥ ਮਹੀਨੇ ਵਿਚ ਘਟ ਤੋਂ ਘਟ ਇਕ ਵਾਰੀ ਬੜੀ ਸ਼ਰਧਾ ਨਾਲ ਸ਼ੁਰੂ ਤੋਂ ਅਖੀਰ ਤਾਂਈਂ ਇਸਨੂੰ ਉਚੀ ਆਵਾਜ਼ ਨਾਲ ਪੜ੍ਹਦੇ ਹਨ ॥ ਕਈ ਸਜਣ ਕਿਸੇ ਔਖੇ ਵੇਲੇ ਜਾਂ ਕਿਸੇ ਖੁਸ਼ੀ ਦੇ ਮੌਕੇ ਬੜੀ ਸ਼ਰਧਾ ਨਾਲ ਇਸ ਦਾ ਪੂਰਾ ਪਾਠ ਕਰਵਾਂਉਂਦੇ ਹਨ ॥ *(ਨੋਟ: ਸਿਖ ਗੁਰੂ ਸਾਹਿਬਾਨ ਦੇ ਵੇਲੇ ਤੋਂ ਹੀ ਪ੍ਰੰਪਰਾ ਬਣ ਗਈ ਹੋਈ ਹੈ, ਕਿ ਗੁਰੂ ਗ੍ਰੰਥ ਸਾਹਿਬ ਦੇ ਸਾਧਾਰਨ, ਅਤੇ ਅਖੰਡ ਪਾਠ ਕੀਤੇ ਜਾਂਦੇ ਹਨ ॥* ਇਸ ਦੀ ਮਹੱਤਤਾ ਇਕ ਆਪਣੀ ਹੀ ਮਿਸਾਲ ਹੈ, ਪਰ ਕਈ ਹਿੰਦੂ ਅਜ ਕਲ ਇਸਦੀ ਨਕਲ ਕਰਦੇ ਹੋਏ,

ਗੀਤਾ ਦਾ ਪਾਠ ਕਰਨ ਕਰਾਉਣ ਲਗ ਪਏ ਹਨ ॥)

ਯਹੂਦੀ ਮੱਤ ਵਿਚ ਰੱਬ ਵਲੋਂ ਜਗ ਰਚਨਾ ਕਰਨ ਦਾ ਸਮਾਂ ਅਤੇ ਢੰਗ ਵੀ ਮਿਥਿਆ ਗਿਆ ਹੈ ॥ ਹਜ਼ਰਤ ਮੂਸਾ ਦੇ ਰੱਬ ਕੋਲੋਂ ਆਏ ੧੦ ਨਿਯਮ, ਇਸ ਧਰਮ ਦੀ ਨੀਹੁੰ ਹਨ ॥ ਇਨ੍ਹਾਂ ਦੇ ਪੰਜ ਮੁਖ ਸਿਧਾਂਤ ਹਨ : ਰੱਬ ਵਿਚ ਵਿਸ਼ਵਾਸ॥ ਉਹ ਸੰਸਾਰ ਦਾ ਨਿਯੰਤਰਣ ਕਰਦਾ ਹੈ ॥ ਜਗ-ਰਚਨਾ ਯਾਹੋਵਾਹ ਦੀ ਇਛਿਆ ਅਨੁਸਾਰ, ਸ਼ਬਦ ਦੁਆਰਾ ਹੋਈ ॥ (ਸਵੇਰੇ, ਸ਼ਾਮ, ਪ੍ਰਾਰਥਨਾ ਸਮੇਂ, ਯਹੂਦੀ ਪੜ੍ਹਦੇ ਹਨ : "ਐ ਅਜ਼ਰਾਈਲ, ਸੁਣੋ ਯਾਹੋਵਾਹ ਸਾਡਾ ਐਲੋਹੀਮ ਕੇਵਲ ਇਕ ਯੇਹੋਵਾ ਹੈ") ॥ ਯਹੂਦੀ ਆਪਣੇ ਆਪਨੂੰ ਰੱਬ ਵਲੋਂ ਖਾਸ ਤੌਰ ਉਤੇ ਵਿਰੋਸਾਈ ਹੋਈ, ਅਤੇ ਵਿਸ਼ੇਸ਼ ਚੁਣੌਤੀ ਵਾਲੀ ਸ਼੍ਰੇਣੀ (chosen people) ਕਹਿੰਦੇ ਹਨ ॥

ਯਹੂਦੀ ਮਤ ਵਿਚ "ਮਸੀਹਾ" ਦੀ ਪੇਸ਼ੀਨਗੋਈ ਹੈ, ਅਤੇ ਸਮੇਂ ਸਮੇਂ ਕਈ ਮਸੀਹਾ ਹੋਏ ਹਨ ॥ ਸ਼ਬੇਤਾਈ ਜ਼ੇਵੀ ਨਾਮ ਦਾ ਇਕ ਸਜਣ ਜੋ ਸਮੱਰਨਾ ਵਿਚ ਪੈਦਾ ਹੋਇਆ ਸੀ ॥ ਜਵਾਨ ਹੁੰਦਿਆ ਤਾਈਂ ਉਸਦੀ ਮਸੀਹਾ ਵਜੋਂ ਬੜੀ ਮਸ਼ਹੂਰੀ ਅਤੇ ਮਾਨਤਾ ਹੋਈ ॥ ਇਹ ਸ਼ਮਾਂ ਔਟੋਮਨ ਰਾਜ ਦਾ ਸੀ, ਅਤੇ ਯੂਰਪ ਅਤੇ ਏਸ਼ੀਆ ਮਾਈਨਰ ਵਿਚ ਇਸਲਾਮ ਦਾ ਬੋਲ ਬਾਲਾ ਸੀ ॥ ਇਸਲਾਮ ਅਤੇ ਈਸਾਈ ਮਤ ਵਿਚ ਬਹੁਤ ਜ਼ਿਆਦਾ ਖਿਚੋ ਤਾਣੀ ਸੀ ॥ ਯਾਹੂਦੀ ਆਬਾਦੀ ਬੜੀ ਖਿੰਡਰੀ ਹੋਈ ਸੀ, ਅਤੇ ਘਟ ਗਿਣਤੀ ਦੀ ਸ਼ਰੇਣੀ ਸੀ ॥

ਸ਼ਬੇਤਾਈ ਦੇ ਪੈਰੋਕਾਰਾਂ ਦੀ ਗਿਣਤੀ ਦਿਨੋਂ ਦਿਨ ਵਧ ਰਹੀ ਸੀ, ਅਤੇ ਉਸਦੀ ਮਸੀਹਾਈ ਦੀ ਧਾਂਕ ਯੂਰਪ ਵਿਚ ਖੂਬ ਜਮ ਰਹੀ ਸੀ ॥ ਸੰਨ ੧੬੬੫ ਵਿਚ ਫਿਰਦਾ ਫਿਰਦਾ ਉਹ ਕਸਤਨਤੁਨੀਆ (ਕੌਨਸਟੈਂਟੀਨੋਪਲ) ਸ਼ਹਿਰ ਜਾ ਨਿਕਲਿਆ॥ ਤੁਰਕੀ ਦੇ ਸੁਲਤਾਨ ਦੇ ਹੁਕਮ ਨਾਲ ਉਸਨੂੰ ਫੜਕੇ ਕੈਦ ਖਾਨੇਂ ਵਿਚ ਸੁਟ ਦਿਤਾ ਗਿਆ ॥ ਉਸਦੇ ਪੈਰੋਕਾਰਾਂ ਨੇਂ ਬੜੀਆਂ ਦਰਖਾਸਤਾਂ ਕੀਤੀਆਂ, ਪਰ ਸੁਲਤਾਨ ਨੇਂ ਫਤਵਾ ਲਾਇਆ ਕਿ ਜਾਂ ਉਹ ਇਸਲਾਮ ਕਬੂਲ ਕਰ ਲਵੇ, ਨਹੀਂ ਉਸਨੂੰ ਕਤਲ ਕਰ ਦਿਤਾ ਜਾਵੇਗਾ ॥ ਬੜੀ ਦੀਰਘ ਸੋਚ ਪਿਛੋਂ ਸ਼ਬੇਤਾਈ ਨੇਂ ਇਸਲਾਮ ਕਬੂਲ ਕਰ ਲਿਆ ਅਤੇ ਸੁਲਤਾਨ ਨੇਂ ਉਸਨੂੰ ਚੰਗੀ ਤਕੜੀ ਜਾਗੀਰ ਦੇ ਕੇ ਬਾਇਜ਼ਤ ਸ਼ਹਿਰੀ ਬਣਾ ਦਿਤਾ, ਅਤੇ ਉਸਦਾ ਨਾਮ ਮੈਹਮਤ ਈਫੈਂਦੀ ਰਖਿਆ ਗਿਆ ॥ ਇਹ ਗਲ ਸੰਨ ੧੬੭੧ ਦੀ ਹੈ ॥

ਉਸ ਸਮੇਂ ਹਿੰਦੁਸਤਾਨ ਵਿਚ ਔਰੰਗਜ਼ੇਬ ਬਾਦਸ਼ਾਹ ਦਾ ਰਾਜ ਸੀ ॥ ਉਸਦੇ ਮਨ ਵਿਚ ਭੀ ਇਸ ਸਾਕੇ ਦਾ ਅਸਰ ਹੋਇਆ ਅਤੇ ਉਸਨੇ ਹਿੰਦੂ ਧਰਮ ਦੇ ਧਾਰਨੀਆਂ ਨੂੰ ਇਸਲਾਮ ਵਿਚ ਸ਼ਾਮਲ ਕਰਨ ਦਾ ਅਕੀਦਾ ਬਣਾ ਲਿਆ ॥ ਹਿੰਦੂਆਂ ਦੇ ਚਾਰ ਵਰਣਾਂ ਵਿਚੋਂ ਜਨੇਊ ਸਿਰਫ ਤਿੰਨਾਂ ਵਰਣਾ ਨੂੰ ਮਿਲਦਾ ਸੀ ॥ ਚੌਥੇ ਵਰਣ ਵਾਲਿਆਂ ਨੂੰ ਅਤੇ ਔਰਤਾਂ ਅਤੇ ਅਵਰਣਾ ਨੂੰ ਜਨੇਊ ਪੌਣ ਦਾ ਹੱਕ ਨਹੀਂ ਹੁੰਦਾ ਸੀ ॥ ਕਿਹਾ ਜਾਂਦਾ ਹੈ ਕਿ ਔਰੰਗਜ਼ੇਬ ਹਰ ਰੋਜ਼ ਇਤਨੇ ਜਨੇਊ ਲਥੇ ਦੇਖਕੇ ਫਿਰ ਖਾਣਾ ਖਾਂਦਾ ਹੁੰਦਾ ਸੀ ॥ ਇਹ ਤਾਦਾਦ ਲਖਾਂ ਵਿਚ ਚਲੀ ਜਾਣ ਲਗ ਗਈ, ਤਾਂ ਕਸ਼ਮੀਰੀ ਬ੍ਰਾਹਮਣਾਂ ਨੇ ਗੁਰੂ ਤੇਗ਼ ਬਹਾਦਰ ਜੀ ਪਾਸ ਫਰਿਆਦ ਕੀਤੀ ॥ ਨਤੀਜਾ ਇਹ ਹੋਇਆ ਕਿ ਤੁਰਕੀ ਦੇ ਸੁਲਤਾਨ ਵਾਂਗ ਔਰੰਗਜ਼ੇਬ ਨੇ ਭੀ ਫਤਵਾ ਲਾਇਆ ਕਿ ਗੁਰੂ ਜੀ ਜਾਂ ਤਾਂ ਇਸਲਾਮ ਕਬੂਲ ਕਰਨ ਨਹੀਂ ਤਾਂ ਜਾਨ ਦੇਣੀ ਪਵੇਗੀ ॥

ਇਤਿਹਾਸ ਗਵਾਹ ਹੈ ਕਿ ਗੁਰੂ ਜੀ ਨੇਂ "ਸਿਰ ਦੀਆ ਪਰ ਸਿਰਰ ਨਾ ਦੀਆ" ॥ ਤੁਰਕੀ ਦੇ ਸੁਲਤਾਨ ਨੇਂ ਤਾ ਯਾਹੂਦੀ ਮਸੀਹਾ ਪਾਸੋਂ ਇਸਲਾਮ ਕਬੂਲ ਕਰਵਾ ਲਿਆ ਪਰ ਔਰੰਗਜ਼ੇਬ ਸਿਖ ਗੁਰੂ ਜੀ ਨੂੰ ਮੁਸਲਮਾਨ ਨਾ ਬਣਾ ਸਕਿਆ ॥ ਇਹ ਸੰਨ ੧੬੭੫ ਦਾ ਵਾਕਿਆ ਹੈ ॥ (ਮਸੀਹਾ - Messiah : ਅਰਥਾਤ Deliverer; ਮੁਕਤੀ-ਦਾਤਾ) ਇਹ ਯਾਹੂਦੀ, ਈਸਾਈ, ਅਤੇ ਇਸਲਾਮ

ਧਰਮਾਂ ਦਾ ਹਿਸਾ ਹੈ ॥ ਸਿਖ ਮਤ ਵਿਚ ਇਸ ਦੀ ਮਾਨਤਾ ਉਕੀ ਹੀ ਨਹੀਂ ਹੈ ॥

ਪਾਰਸੀ (ਜ਼ੋਰੋਅਸਟ੍ਰੀਅਨ) : ਈਸਾਈ ਮਤ ਤੋਂ ਕਈ ਛੇ ਸੌ ਸਾਲ ਪਹਿਲਾਂ ਜ਼ੋਰੋਆਸਤਰ ਨੇਂ ਇਸ ਮਤ ਨੂੰ ਜਨਮ ਦਿਤਾ ॥ ਜ਼ੋਰੋਆਸਤਰ ਦੋ ਗਲਾਂ ਲਈ ਮਸ਼ਹੂਰ ਸੀ : ਇਕ ਤਾਂ ਉਹ ਵਡਾ ਜਾਦੂਗਰ ਸੀ ਅਤੇ ਦੂਸਰੇ ਉਸਨੇ ਪ੍ਰਮਾਤਮਾ ਦੀ ਏਕਤਾ ਨੂੰ ਪ੍ਰਚਾਰਿਆ ॥ ਲਗਦਾ ਹੈ ਕਿ ਉਸਦੀ ਸਿਖਿਆ ਦਾ ਅਸਰ ਯਹੂਦੀ ਈਸਾਈ ਅਤੇ ਇਸਲਾਮੀ ਮਤਾਂ ਉਪਰ ਵੀ ਪਿਆ ॥ ਕਈ ਸਦੀਆਂ ਔਖੀ ਜ਼ਿੰਦਗੀ ਬਿਤਾਉਣ ਪਿਛੋਂ ਉਸਦੇ ਪੈਰੋਕਾਰ ਈਰਾਨ ਤੋਂ ਦੌੜ ਕੇ ਭਾਰਤ ਵਿਚ ਗੁਜਰਾਤ ਦੇ ਇਲਾਕੇ ਵਿਚ ਆ ਵਸੇ ॥ ਇਥੇ ਉਹ ਬੜੇ ਖ਼ੁਸ਼ਹਾਲ ਅਤੇ ਪ੍ਰਫੁਲਤ ਹਨ ॥ ਇਸ ਮਤ ਅਨੁਸਾਰ, ਸਾਰਾ ਸੰਸਾਰ ਭੈੜੀਆਂ ਰੂਹਾਂ ਨਾਲ ਭਰਿਆ ਹੋਇਆ ਹੈ, ਅਤੇ ਉਨ੍ਹਾਂ ਦੇ ਮੰਦੇ ਅਸਰ ਨੂੰ ਹਟਾਉਣ ਲਈ ਮੰਤਰ ਪੜ੍ਹਨੇ ਲਾਜ਼ਮੀ ਗਿਣੇ ਗਏ ਹਨ ॥ ਪਾਰਸੀਆਂ ਕੋਲ ਅਨੇਕਾਂ ਹੀ ਮੰਤ੍ਰ ਹਨ ॥ ਨੀਰੰਗ ਇਕ ਜਾਦੂ ਹੈ, ਜੋ ਇਹ ਮੰਤ੍ਰਾਂ ਰਾਹੀਂ ਕਰਦੇ ਹਨ॥ ਅਗਨੀ ਦੇਵਤਾ ਵਿਚ ਵਿਸ਼ਵਾਸ ਰਖਦੇ ਹਨ, ਅਤੇ ਹਮੇਸ਼ਾ ਘਰ ਵਿਚ ਅੱਗ ਸੁਲਗਦੀ ਰਖਦੇ ਹਨ ॥ ਮੁਰਦੇ ਨੂੰ ਨਾ ਤਾਂ ਜਲਾਉਂਦੇ ਹਨ ਅਤੇ ਨਾ ਹੀ ਜ਼ਮੀਨ ਵਿਚ ਦਬਾਉਂਦੇ ਹਨ : ਖਾਸ ਜਗ੍ਹਾ ਰੱਖ ਦਿੰਦੇ ਹਨ, ਜਿਥੋਂ ਗਿਲਝਾਂ ਵਗੈਰਾ ਪੰਛੀ ਉਸਨੂੰ ਖਾ ਜਾਂਦੇ ਹਨ ॥ ਉਨ੍ਹਾਂ ਦਾ ਅਕੀਦਾ ਹੈ ਕਿ ਰੀਸਰੈਕਸ਼ਨ ਵੇਲੇ ਮੁਰਦੇ ਆਪੋ ਆਪਣਾ ਹਿਸਾਬ ਦੇਣ ਲਈ ਔਹਰਾ ਮਜ਼ਦਾ ਦੇ ਹਜ਼ੂਰ ਹਾਜ਼ਰ ਹੋਣਗੇ ॥ ਇਸ ਖਿਆਲ ਦਾ ਅਸਰ ਯਹੂਦੀ ਮੱਤ ਉਪਰ ਭੀ ਪਿਆ ਹੈ ॥ ਸ਼ਰਾਬ ਪੀਣੀ ਇਨ੍ਹਾਂ ਦੇ ਮਤ ਦਾ ਹਿੱਸਾ ਨਹੀਂ ਹੈ ॥ ਇਹਨਾਂ ਦੀ ਧਰਮ ਪੁਸਤਕ ਹੈ "ਜ਼ੈਦ-ਅਵੇਸਤਾ", ਜਿਸ ਵਿਚ ਸੰਸਾਰ ਰਚਨਾ, ਔਹਰਾ-ਮਜ਼ਦਾ ਦੀ ਸ਼ਕਤੀ, ਜੀਵ ਦੀ ਮੁਕਤੀ, ਅਤੇ ਪੁਨਰ ਜੀਵਨ ਦਾ ਗਿਆਨ ਅੰਕਤ ਕੀਤਾ ਹੋਇਆ ਹੈ ॥ ਔਹਰਾ-ਮਜ਼ਦਾ ਨੂੰ ਰਚਨਹਾਰ, ਆਤਮਾਵਾਂ ਦੀ ਆਤਮਾਂ, ਪਵਿਤ੍ਰ, ਵਿਅਕਤ ਭੀ ਅਤੇ ਅਵਿਅਕਤ ਭੀ ਮਿਥਿਆ ਹੈ॥ ਮੰਥਰ ਸ਼ਬਦ ਰਾਹੀਂ ਉਸਨੇ ਜਗ ਰਚਨਾ ਕੀਤੀ ਸੀ ॥ ਇਹ ਦਵੈਤਵਾਦੀ ਫਲਸਫਾ ਹੈ : ਔਹਰਾ-ਮਜ਼ਦਾ ਦੇ ਨਾਲ ਹੀ ਨਾਲ ਅਹਿਰੇਮਾਨ (ਆਗਰਾ-ਮੈਨਯੂ) ਸ਼ੈਤਾਨ ਨੂੰ ਵੀ ਮਨੌਤੀ ਦਿੱਤੀ ਜਾਂਦੀ ਹੈ ॥

ਈਸਾਈ (ਕ੍ਰਿਸ਼ਚਿਅਨ) ਇਸ ਮਤ ਦਾ ਉਸਾਰੂ ਜੀਜ਼ਸ ਕਰਾਈਸਟ ਹੈ ॥ ਉਸਦਾ ਜਨਮ ਮਾਂ ਮੇਰੀ ਦੀ ਕੁਖੋਂ ਕਿਸੇ ਇਨਸਾਨੀ ਬਿੰਦੂ ਤੋਂ ਨਹੀਂ ਹੋਇਆ ॥ ਇਸ ਲਈ ਉਹ ਇਸ ਜਗ ਵਿਚ ਰੱਬ ਦਾ ਇਕਲੋਤਾ ਪੁਤਰ ਅਖਵਾਉਂਦਾ ਹੈ॥ ਇਸ ਧਰਮ ਦੀ ਉਸਾਰੀ ਯਹੂਦੀ ਨੀਹਾਂ ਉਤੇ ਹੀ ਕੀਤੀ ਹੋਈ ਹੈ ॥ ਪਰ ਇਨ੍ਹਾਂ ਦਾ ਰੱਬ, ਜਾਤੀ-ਸਬੰਧੀ (ਨੈਸ਼ਨਲ) ਦੀ ਥਾਂ, ਸਰਬ-ਵਿਆਪਕ (ਯੂਨੀਵਰਸਲ) ਹੋ ਗਿਆ॥ ਰੱਬ ਇਕ ਹੈ ॥ ਉਹ ਕਰਤਾ ਹੀ ਨਹੀਂ, ਸਰਬ ਵਿਆਪਕ ਅਤੇ ਸਰਬ ਕਿਰਪਾਲਕ ਵੀ ਹੈ ॥ ਯਸੂਹ ਮਸੀਹ ਨੂੰ, ਉਸਦੀ ਹਿਯਾਤ ਵਿਚ ਤਾਂ ਇਕ ਧਾਰਮਕ ਪੁਰਸ਼ ਵਾਂਗ ਹੀ ਮੰਨਿਆ ਜਾਂਦਾ ਸੀ, ਪਰ ਉਸਦੇ ਮਰਨ ਤੋਂ ਕੋਈ ਚਾਰ ਸਦੀਆਂ ਦੇ ਅੰਦਰ ਅੰਦਰ ਹੀ ਈਸਾਈ ਮੱਤ ਵਿਚ *ਟਰਿਨਿਟੀ* (ਤ੍ਰਿਸ਼ਕਤੀ) ਦੀ ਹੋਂਦ ਬਣ ਗਈ ॥ ਜਿਸਦੇ ਫਲਸਰੂਪ ਈਸਾਈ ਹੁਣ ਰੱਬ ਦੀ ਮਨੌਤੀ ਇਸ ਤਰ੍ਹਾਂ ਕਰਦੇ ਹਨ: " ਫਾਦਰ, ਸਨ ਐਂਡ ਦੀ ਹੋਲੀ ਘੋਸਟ " (ਪਿਤਾ ਪ੍ਰਮਾਤਮਾ ॥ ਪੁੱਤਰ ਯਸੂ ॥ ਪਵਿੱਤਰ ਰੂਹ ॥) ਪਿਤਾ ਰਚਨਹਾਰ ਹੈ ॥ ਪੁੱਤਰ ਸੰਸਾਰ ਦਾ ਉਧਾਰ ਕਰਨ ਦਾ ਸਾਧਨ ਹੈ ॥ ਅਤੇ ਪਵਿੱਤਰ ਰੂਹ ਵਿਚ ਇਸ ਨੂੰ ਸੰਪੂਰਨ ਕਰਦਾ ਹੈ ॥ ਇਸ ਮਤ ਅਨੁਸਾਰ, ਰੱਬ ਨੇ ਛਿਆਂ ਦਿਨਾਂ ਵਿਚ ਸ਼ਬਦ ਰਾਹੀਂ ਸਾਰੀ ਸਾਜਨਾ ਕੀਤੀ ॥ ਪਰ ਚੂੰਕਿ ਯਸੂ ਮਸੀਹ ਨੂੰ ਰੱਬ ਦਾ ਇਕਲੌਤਾ ਪੁੱਤਰ ਮਿਥਿਆ ਹੈ, ਅਤੇ ਯਸੂ ਨੇ ਆਪਣੇ ਜੀਵਨ ਦਾ ਬਲੀਦਾਨ, ਇਨਸਾਨਾਂ ਨੂੰ ਉਨਾਂ ਦੇ ਪਾਪਾਂ ਤੋਂ ਛੁਟਕਾਰਾ ਦੁਆਉਣ ਲਈ ਕੀਤਾ ਗਿਆ ਦਰਸਾਇਆ ਹੈ, ਇਸ ਲਈ ਇਹ ਬੁਨਿਆਦੀ ਅਸੂਲ ਬਣਾਇਆ ਗਿਆ ਹੈ, ਕਿ ਜੋ ਜੀਵ ਭੀ ਯਸੂਹ ਮਸੀਹ ਦੀ ਸ਼ਰਨ ਆਵੇ, ਉਸਦੇ ਕਲਿਆਨ ਲਈ ਯਸੂ ਆਪਣੇ ਪਿਤਾ (ਰੱਬ) ਪਾਸ

ਸਫਾਰਸ਼ ਕਰਨਗੇ॥ ਇਸ ਦਾ ਮਤਲਬ ਇਹ ਹੋਇਆ ਕਿ ਜੋ ਜੀਵ ਈਸਾਈ ਨਹੀਂ ਹਨ, ਉਹਨਾਂ ਨੂੰ ਪ੍ਰਮਾਤਮਾ ਦੀ ਦਰਗਾਹ ਵਿਚ ਹਾਜ਼ਰੀ ਨਹੀਂ ਮਿਲ ਸਕਦੀ ॥

ਯਸੂਹ ਮਸੀਹ ਨੂੰ ਜੁਡਾਸ ਦੀ ਗਵਾਹੀ ਉਤੇ ਰੋਮਨ ਸ੍ਰਕਾਰ ਨੇਂ ਕਰੂਸੀਫਾਈ (ਸਲੀਬ ਉਤੇ ਟੰਗਣ) ਕਰਕੇ ਮਾਰ ਦਿਤਾ ॥ ਤਿੰਨਾਂ ਦਿਨਾਂ ਪਿਛੋਂ ਉਹ ਨੌ ਬਰ ਨੌ ਹੋਕੇ ਆਪਣੇ ਪੈਰੋਕਾਰਾਂ ਨਾਲ ੪੦ ਦਿਨ ਮੇਲ ਮਿਲਾਪ ਵਿਚ ਰੁਝੇ ਰਹੇ ॥ ਚਾਲੀਵੇਂ ਦਿਨ, ਜਦੋਂ ਉਹ ਉਚੀ ਜਗ੍ਹਾ ਉਤੇ ਖੜ੍ਹੇ ਸੀ ਤਾਂ ਇਕ ਬੱਦਲ ਆਇਆ, ਜਿਸ ਦੇ ਵਿਚੋਂ ਇਕ ਲੰਮੀ ਬਾਂਹ ਨੇਂ ਯਸੂਹ ਨੂੰ ਚੁਕਕੇ ਉਪਰ ਨੂੰ ਲੈਕੇ ਅਲੋਪ ਕਰ ਲਿਆ ॥

ਈਸਾਈ ਮਤ ਦੀ ਧਾਰਮਕ ਪੁਸਤਕ ਅੰਜੀਲ (ਬਾਈਬਲ) ਹੈ ॥ ਇਹ ਯਸੂ ਮਸੀਹ ਦੀ ਆਪਣੀ ਰਚਨਾ ਨਹੀਂ ਹੈ ॥ ਉਸਦੇ ਚਲਾਣਾ ਕਰਨ ਤੋਂ ਪਿਛੋਂ ਉਸਦੇ ਕਈ ਸੰਤਾਂ (ਐਪੋਸਲਾਂ) ਦੀ ਲਿਖਤ ਹੈ ॥ ਇਸ ਮਤ ਦੇ ਤਿੰਨ ਵੱਡੇ ਹਿੱਸੇ ਹਨ: ਕੈਥੋਲਿਕ ਮਤ, ਪੋਪ ਦੀ ਸਰਪ੍ਰਸਤੀ ਹੇਠ ਚਲਦਾ ਹੈ ॥ ਜਿਹੜੇ ਸੰਤ ਅਤੇ ਸੰਤਣੀਆਂ (ਮੌਂਕਸ ਅਤੇ ਨੰਨਸ), ਗ੍ਰਹਿਸਤੀ ਜੀਵਨ ਵਿਚ ਨਹੀਂ ਹੁੰਦੇ, ਵਿਆਹ ਨਹੀਂ ਕਰਦੇ, ਸਾਰਾ ਸਮਾਂ ਪ੍ਰਾਰਥਨਾ ਵਿਚ ਲਗਾਉਂਦੇ ਹਨ, ਅਤੇ ਰੋਜ਼ੇ ਰਖਦੇ ਹਨ, ਉਨ੍ਹਾਂ ਦਾ ਬੜਾ ਸਤਕਾਰ ਕੀਤਾ ਜਾਂਦਾ ਹੈ ॥ ਪਾਦਰੀ ਸਾਰੀ ਉਮਰ ਵਿਆਹ ਨਹੀਂ ਕਰਦੇ, ਤੇ ਸੈਲੀਬੇਟ ਰਹਿੰਦੇ ਹਨ ॥ ਜਿਹੜੇ ਲੋਕ ਪਾਦਰੀਆਂ ਕੋਲ ਜਾ ਕੇ ਆਪਣੇ ਗੁਨਾਹਾਂ ਦਾ ਇਕਬਾਲ (ਕੌਨਫੈਸ਼ਨ) ਕਰ ਲੈਣ, ਉਨ੍ਹਾਂ ਦੇ ਗੁਨਾਂਹ ਬਖਸ਼ੇ ਜਾਂਦੇ ਹਨ ॥ ਜਿਹੜੇ ਬੰਦਿਆਂ ਨੇ ਆਪਣੀ ਹਿਆਤ ਵਿਚ ਐਸੇ ਉਤਮ ਕੰਮ ਕੀਤੇ ਹਨ, ਜਿਨ੍ਹਾਂ ਨਾਲ ਲੋਕਾਈ ਦੀ ਸਮਾਜਕ, ਧਾਰਮਕ ਅਤੇ ਰੂਹਾਨੀਅਤ ਉਭਰਨਾ ਹੋਈ ਹੋਵੇ, ਉਨ੍ਹਾਂ ਨੂੰ ਮਰਨ ਪਿਛੋਂ, ਪੋਪ ਸੰਤ ਦਾ ਰੁਤਬਾ ਦੇ ਸਕਦਾ ਹੈ ॥ ਕੈਥੋਲਿਕ ਪ੍ਰਣਾਲੀ ਵਿਚ ਬੜੇ ਹੀ ਸੰਤ ਹਨ, ਅਤੇ ਸਮੇਂ ਸਮੇਂ ਸਿਰ ਹੋਰ ਵੀ ਬਣਾਏ ਜਾਂਦੇ ਹਨ; ਇਨ੍ਹਾਂ ਦੀ ਬੜੀ ਮਾਨਤਾ ਹੁੰਦੀ ਹੈ ॥ **ਪ੍ਰੋਟੈਸਟੈਂਟਸ** ਉਹ ਹਨ ਜਿਹੜੇ ਪੋਪ ਨੂੰ ਨਹੀਂ ਮੰਨਦੇ ॥ ਜੋ ਦੁਨੀਆਂ ਦੇ ਸਾਰੇ ਕਾਰ ਵਿਹਾਰ ਕਰਦਿਆਂ ਹੋਇਆਂ, ਆਪਣਾ ਜੀਵਨ ਅੰਜੀਲ ਦੇ ਅਸੂਲਾਂ ਤੇ ਦਿਆਨਤਦਾਰੀ ਨਾਲ ਬਤੀਤ ਕਰਦੇ ਹਨ ॥ ਤੀਸਰੇ **ਆਰਥੋਡੌਕਸ** ਹਨ, ਜਿਹਨਾਂ ਦਾ ਆਪਣਾ ਪੈਟ੍ਰੀਆਰਚ ਹੈ, ਜੋ ਪੋਪ ਤੋਂ ਬਿਲਕੁਲ ਸੁਤੰਤਰ ਹੈ ॥ ਚਲਦੇ ਇਹ ਭੀ ਅੰਜੀਲ ਦੇ ਹੀ ਅਸੂਲਾਂ ਤੇ ਹਨ ॥ ਇਨ੍ਹਾਂ ਵਿਚ ਭੀ ਸੰਤਗੀਰੀ ਕੈਥੋਲਿਕਸ ਵਾਂਗ ਹੀ ਹੈ ॥ ਬਲਕਿ ਰਿਵਾਜ ਹੈ ਕਿ ਘਰ ਦਾ ਵੱਡਾ ਕਿਸੇ ਇਕ ਸੰਤ ਨੂੰ ਅਪਣਾ ਲੈਂਦਾ ਹੈ, ਅਤੇ ਸਾਰਾ ਟੱਬਰ ਫਿਰ ਉਸੇ ਹੀ ਸੰਤ ਦੀ ਬਰਸੀ ਉਤੇ ਹਰ ਕਿਸੇ ਨੂੰ ਘਰ ਬੁਲਾਕੇ ਮੁਫਤ ਖਾਣ ਪੀਣ ਦੀ ਖੁੱਲ ਦੇ ਦਿੰਦੇ ਹਨ ॥ ਇਨ੍ਹਾਂ ਦੇ ਪਾਦਰੀਆਂ ਲਈ ਵਿਆਹ ਕਰਨਾ ਲਾਜ਼ਮੀ ਹੈ ॥

ਹਰ ਪ੍ਰਕਾਰ ਦੇ ਜਾਨਵਰ ਦੇ ਮਾਸ ਦੇ ਖਾਣ ਦੀ ਖੁੱਲ੍ਹ ਹੈ, ਪਰ ਹਰ ਰੋਜ਼ ਖਾਣ ਤੇ ਬੰਦਸ਼ ਹੈ ॥ ਪਹਿਲਾਂ ਮੁਰਦੇ ਦਫਨ ਹੀ ਕੀਤੇ ਜਾਂਦੇ ਸਨ, ਪਰ ਹੁਣ ਦਫਨ ਭੀ ਕਰਦੇ ਹਨ, ਅਤੇ ਜਲਾ ਭੀ ਦਿੰਦੇ ਹਨ ॥ ਸ਼ਰਾਬਖੋਰੀ ਤੋਂ ਮਨਾਹੀ ਨਹੀਂ ॥ ਇਸ ਮੱਤ ਨੇ ਭੀ ਸ਼ੈਤਾਨ ਦੀ ਹੋਂਦ ਨੂੰ ਸਵੀਕਾਰਿਆ ਹੈ ॥

ਯਸੂ ਮਸੀਹ ਅਤੇ ਉਸਦੀ ਮਾਤਾ ਦੀਆਂ ਮੂਰਤੀਆਂ ਅਤੇ ਕਰੌਸ ਨੂੰ ਤਾਂ ਖੁੱਲ੍ਹੇ ਤੌਰ ਉਤੇ ਪੂਜਿਆ ਜਾਂਦਾ ਹੈ ॥ ਖਾਸ ਕਰਕੇ ਰੋਮਨ ਕੈਥੋਲਿਕ ਮੁਲਕਾਂ ਵਿਚ ਤਾਂ ਇਹ ਰਵਾਜ ਬਹੁਤ ਹੀ ਪ੍ਰਚੱਲਤ ਹੈ ॥ ਇਨਸਾਨਾਂ ਦੀ ਕਲਿਆਣ ਯਸੂ ਮਸੀਹ ਦੀ ਮਨੌਤੀ ਦੁਆਰਾ ਹੀ ਹੋ ਸਕਦੀ ਹੈ ॥ ਸਾਰੀ christianity ਵਿਚ ਯਸੂ ਨੂੰ ਮਰਦ ਦੇ ਬਿੰਦੂ ਤੋਂ ਬਿਨਾ, ਇਕ ਕੁਆਰੀ ਕੁੜੀ ਦੀ ਕੁਖੋਂ ਪੈਦਾ ਹੋਇਆ ਰਬ ਦਾ ਇਕਲੋਤਾ ਪੁਤਰ ਮੰਨਿਆ ਜਾਂਦਾ ਹੈ ॥

ਸੁੱਨਤ, ਯਹੂਦੀ ਅਤੇ ਇਸਲਾਮ ਧਰਮਾਂ ਦਾ ਤਾਂ ਜ਼ਰੂਰੀ ਅੰਗ ਹੈ, ਪਰ ਈਸਾਈ ਮੱਤ ਵਿਚ ਇਸ ਦਾ ਵਰਤਾਰਾ ਆਮ ਨਹੀਂ ਹੈ ; *(ਪਰ ਅਮਰੀਕਾ ਦੇ ਹਸਪਤਾਲਾਂ ਵਿਚ ਬਿਨਾ ਪੁਛਿਆਂ ਹੀ ਹਰ ਮੁੰਡੇ*

ਦੀ ਸੁੱਨਤ ਕਰ ਦਿੱਤੀ ਜਾਂਦੀ ਹੈ ॥ ਏਸ਼ੀਆ ਦੇ ਹੋਰ ਮੱਤਾਂ ਵਿਚ ਸੁੱਨਤ ਨਹੀਂ ਹੈ) ॥ ਸਚ ਤਾਂ ਇਹ ਹੈ, ਕਿ ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਜਾਨਵਰਾਂ ਉਤੇ ਮਾਲਕ ਤੱਤੀਆਂ ਸੀਖਾਂ ਨਾਲ ਆਪਣਾ ਨਿਸ਼ਾਨ ਉਕਰ ਦਿੰਦੇ ਹਨ, ਤਾਂ ਜੋ ਚੋਰੀ ਨਾ ਹੋ ਜਾਣ, ਸੁੰਨਤ ਕਰਕੇ ਆਦਮੀ ਨੂੰ ਹਮੇਸ਼ਾਂ ਲਈ ਆਪਣੇ ਧਰਮ ਦੀ ਮਲਕੀਅਤ ਬਣਾਉਣ ਦਾ ਇਕ ਸਾਧਨ ਹੀ ਹੈ ॥ ਇਸ ਦੇ ਵਿਚ ਕੋਈ ਰੂਹਾਨੀਅਤ ਦਾ ਅਨਸਰ ਨਹੀਂ ਹੈ ॥ ਗੁਰੂ ਨਾਨਕ ਦੇਵਜੀ ਇਸ ਬਾਰੇ ਟੋਕ ਕਰਦੇ ਹਨ : –

ਮਾਝ ਕੀ ਵਾਰ : ਮਹਲਾ ੧ ਮਿਹਰ ਮਸੀਤਿ, ਸਿਦਕੁ ਮੁਸਲਾ, ਹਕ ਹਲਾਲੁ ਕੁਰਾਣ । ਸਰਮ ਸੁੰਨਤਿ, ਸੀਲ ਰੋਜਾ, ਹੋਰ ਮੁਸਲਮਾਣੁ ॥ ਕਰਣੀ ਕਾਬਾ, ਸਚੁ ਪੀਰੁ, ਕਲਮਾ ਕਰਮ ਨਿਵਾਜ ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥ (ਪੰ : ੧੪੦)

ਅਰਥਾਤ : ਲੋਕਾਂ ਉਤੇ ਤਰਸ ਦੀ ਮਸੀਤ ਬਣਾਉ ॥ ਸ਼ਰਧਾ ਨੂੰ (ਨਮਾਜ਼ ਪੜ੍ਹਨ ਵਾਲਾ) ਮੁਸੱਲਾ ਬਣਾਉ ॥ ਹੱਕ ਦੀ ਕਮਾਈ ਨੂੰ ਕੁਰਾਣ (ਸਮਝੋ) ॥ ਵਿਭਚਾਰ ਕਰਨ ਤੋਂ ਰਹਿਤ ਨੂੰ ਸੁੰਨਤਿ (ਸਮਝੋ) ॥ ਚੰਗਾ ਸੁਭਾਉ, ਰੋਜ਼ਾ ਹੋਵੇ ॥ ਇਹ ਕਰਕੇ ਮੁਸਲਮਾਨ ਬਣੋ॥ ਉਚਾ ਆਚਰਣ ਕਾਬਾ ਹੋਵੇ ॥ ਅੰਦੋਂ ਬਾਹਰੋਂ ਇਕ ਜਿਹਾ ਰਹਿਣ ਵਾਲੇ ਨੂੰ ਪੀਰ ਆਖੋ ॥ ਨੇਕ ਅਮਲ ਕਰਕੇ ਨਿਮਾਜ਼ ਅਤੇ ਕਲਮੇਂ ਹੋਣ ॥ ਜਿਹੜੀ ਗਲ ਰੱਬੋਂ ਨੂੰ ਭਾਵੇ, ਉਸਨੂੰ ਸਿਰ ਮਥੇ ਤੇ ਮੰਨਣ ਦੀ ਤਸਬੀ ਹੋਵੇ॥ ਹੇ ਨਾਨਕ, ਰੱਬ ਐਸੇ ਮੁਸਲਮਾਨ ਦੀ ਲਾਜ ਰਖਦਾ ਹੈ ॥

ਮਾਸ ਨੂੰ ਖਾਣ ਦੇ ਕਾਬਲ ਮਿੱਥਣ ਤੋਂ ਪਹਿਲਾਂ, ਜਾਨਵਰ ਨੂੰ ਕੁਹਕ ਕੇ ਮਾਰਨਾ ਅਤੇ ਸੂਰ ਦਾ ਮਾਸ ਨਾ ਖਾਣਾ, ਇਹ ਯਹੂਦੀ ਅਤੇ ਇਸਲਾਮ ਧਰਮਾਂ ਵਿਚ ਹੀ ਹੈ ॥ ਸਿਖ ਰਵਾਇਤ ਜਾਨਵਰ ਨੂੰ ਕਸ਼ਟ ਦੇ ਕੇ ਮਾਰਨ ਦੇ ਹਕ ਵਿਚ ਨਹੀਂ ਹੈ ॥ ਝਟਕੇ ਦਾ ਰਵਾਜ ਰਹਿਮਦਿਲੀ ਦੇ ਅਨੁਕੂਲ ਹੈ ॥ ਵੈਸੇ ਮਾਸ ਖਾਣਾ ਜਾ ਨਾ ਖਾਣਾ, ਇਸ ਲਈ ਗੁਰੂ ਨਾਨਕ ਦੇਵ ਜੀ ਦੇ ਖਿਆਲ ਹਨ :

ਸਲੋਕ ਮਹਲਾ ਮ : ੧

ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸ ॥ ਜੀਉ ਪਾਇ ਮਾਸੁ ਮੁਹਿ ਮਿਲਿਆ ....ਮਾਸੁ ਮਾਸੁ ਕਰਿ ਮੂਰਖ ਝਗੜੇ ॥ ਗਿਆਨੁ ਧਿਆਨੁ ਨਹੀ ਜਾਣੇ ॥ ਕਉਣ ਮਾਸੁ ਕਉਣ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥ ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆਂ ਕੀ ਬਾਣੇ ॥ ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਵੇ ॥ ਵੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥ ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥ ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥ ਮਾਤਾ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥ ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ ਗਿਆਨੁ ਧਿਆਨੁ ਕਛੁ ਸੂਝੇ ਨਾਹੀ ਚਤੁਰ ਕਹਾਵੈ ਪਾਂਡੇ ॥ ਮਾਸੁ ਪੁਰਾਣੀ ਮਾਸੁ ਕਤੇਬੀਂ ਚਹੁ ਜੁਗਿ ਮਾਸੁ ਕਮਾਣਾ ॥ ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥ ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ ॥ ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ ਕਾ ਦਾਨੁ ਨ ਲੈਣਾ ॥ ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ ॥ ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਨਾ ॥ ਪਾਂਡੇ ਤੂੰ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥ ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣ ਗੰਨਾ ॥ ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤ ਬਿਕਾਰਾ ॥ ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥ (ਪ: ੧੨੮੯)

ਅਰਥਾਤ :

(ਆਪਣੇ ਵਲੋਂ ਮਾਸ ਦਾ ਤਿਆਗੀ) ਮੂਰਖ (ਪੰਡਿਤ) ਮਾਸ ਮਾਸ ਆਖ ਕੇ ਚਰਚਾ ਕਰਦਾ ਹੈ, ਪਰ ਨਾਂ ਇਸ ਨੂੰ ਆਤਮਕ ਜੀਵਨ ਦੀ ਸਮਝ ਹੈ ਨਾਂ ਇਸ ਨੂੰ ਸੁਰਤਿ (ਨਹੀਂ ਤਾਂ ਇਹ ਗਹੁ ਨਾਲ ਵਿਚਾਰੇ ਕਿ) ਮਾਸ ਤੇ ਸਾਗ ਵਿਚ ਕੀ ਫ਼ਰਕ ਹੈ, ਤੇ ਕਿਸ (ਦੇ ਖਾਣ) ਵਿਚ ਪਾਪ ਹੈ ? ॥ (ਪੁਰਾਣੇ ਸਮੇ ਵਿਚ ਭੀ, ਲੋਕ) ਦੇਵਤਿਆਂ ਦੇ ਸੁਭਾਉ ਅਨੁਸਾਰ (ਭਾਵ, ਦੇਵਤਿਆਂ ਨੂੰ ਖ਼ੁਸ਼ ਕਰਨ ਲਈ) ਗੈਂਡੇ ਦਾ ਮਾਸ ਤਿਆਰ ਕਰਦੇ ਸਨ (ਹੁਣ ਪੰਡਿਤ ਮਾਸ ਤਿਆਗ ਕੇ ਜਦ ਕਦੇ ਕਿਤੇ ਮਾਸ ਵੇਖਣ ਤਾਂ) ਆਪਣਾ ਨਕ ਬੰਦ ਕਰ ਲੈਂਦੇ ਹਨ ॥ (ਕਿ ਮਾਸ ਦੀ ਬੋ ਆ ਗਈ ਹੈ) ਉਹ ਰਾਤ ਨੂੰ ਮਨੁੱਖਾਂ ਨੂੰ ਹੀ ਖਾ ਜਾਂਦੇ ਹਨ (ਭਾਵ, ਲੁਕ ਕੇ ਮਨੁੱਖਾਂ ਦਾ ਲਹੂ ਪੀਣ ਦੇ ਮਨਸੂਬੇ ਬੰਨ੍ਹਦੇ ਹਨ); (ਮਾਸ ਨਾਹ ਖਾਣ ਦਾ ਇਹ) ਲੋਕਾਂ ਨੂੰ ਪਖੰਡ ਕਰਕੇ ਵਿਖਾਂਦੇ ਹਨ, ਉਂਵ ਇਹਨਾਂ ਨੂੰ ਆਪ ਨਾ ਸਮਝ ਹੈ ਨਾ ਸੁਰਤਿ ਹੈ ॥ ਪਰ, ਹੇ ਨਾਨਕ ! ਕਿਸੇ ਅੰਨ੍ਹੇ ਮਨੁੱਖ ਨੂੰ ਸਮਝਾਣ ਦਾ ਕੋਈ ਲਾਭ ਨਹੀਂ, ਜੇ ਕੋਈ ਇਸ ਨੂੰ ਸਮਝਾਵੇ (ਭੀ), ਤਾਂ ਭੀ ਇਹ ਸਮਝਾਇਆਂ ਸਮਝਦਾ ਨਹੀਂ ਹੈ ॥ (ਜੇ ਕਹੋ ਅੰਨ੍ਹਾ ਕੌਣ ਹੈ ਤਾਂ) ਅੰਨ੍ਹਾ ਉਹ ਹੈ ਜੋ ਅੰਨ੍ਹਿਆਂ ਵਾਲਾ ਕੰਮ ਕਰਦਾ ਹੈ, ਜਿਸ ਦੇ ਦਿਲ ਵਿਚ ਉਹ ਅੱਖਾਂ ਨਹੀਂ ਹਨ (ਭਾਵ, ਜੋ ਸਮਝ ਤੋਂ ਸੱਖਣਾ ਹੈ), (ਨਹੀਂ ਤਾਂ ਸੋਚਣ ਵਾਲੀ ਗੱਲ ਹੈ ਕਿ ਆਪ ਭੀ ਤਾਂ) ਮਾਂ ਤੇ ਪਿਉ ਦੀ ਰੱਤ ਤੋਂ ਹੀ ਪੈਦਾ ਹੋਏ ਹਨ ਤੇ ਮੱਛੀ (ਆਦਿਕ) ਦੇ ਮਾਸ ਤੋਂ ਪਰਹੇਜ਼ ਕਰਦੇ ਹਨ (ਭਾਵ, ਮਾਸ ਤੋਂ ਹੀ ਪੈਦਾ ਹੋ ਕੇ ਮਾਸ ਤੋਂ ਪਰਹੇਜ਼ ਕਰਨ ਦਾ ਕੀ ਭਾਵ ? ਪਹਿਲਾਂ ਭੀ ਤਾਂ ਮਾਂ ਪਿਉ ਦੇ ਮਾਸ ਤੋਂ ਹੀ ਸਰੀਰ ਪਲਿਆ ਹੈ)॥ (ਫਿਰ), ਜਦੋਂ ਰਾਤ ਨੂੰ ਜ਼ਨਾਨੀ ਤੇ ਮਰਦ ਇਕੱਠੇ ਹੁੰਦੇ ਹਨ ਤਦੋਂ ਭੀ (ਮਾਸ ਨਾਲ ਹੀ) ਮੰਦ (ਭਾਵ, ਭੋਗ) ਕਰਦੇ ਹਨ॥ ਅਸੀਂ ਸਾਰੇ ਮਾਸ ਦੇ ਪੁਤਲੇ ਹਾਂ, ਸਾਡਾ ਮੁੱਢ ਮਾਸ ਤੋਂ ਹੀ ਬੱਝਾ, ਅਸੀ ਮਾਸ ਤੋਂ ਹੀ ਪੈਦਾ ਹੋਏ, (ਮਾਸ ਦਾ ਤਿਆਗੀ) ਪੰਡਿਤ (ਮਾਸ ਦੀ ਚਰਚਾ ਛੇੜ ਕੇ ਐਵੇਂ ਆਪਣੇ ਆਪ ਨੂੰ) ਸਿਆਣਾ ਅਖਵਾਂਦਾ ਹੈ, (ਅਸਲ ਵਿਚ) ਇਸ ਨੂੰ ਨਾਂ ਸਮਝ ਹੈ ਨਾਂ ਸੁਰਤਿ ਹੈ ॥ ਪੁਰਾਣਾਂ ਵਿਚ ਮਾਸ (ਦਾ ਜ਼ਿਕਰ), ਮੁਸਲਮਾਨੀ ਮਜ਼ਹਬੀ ਕਿਤਾਬਾਂ ਵਿਚ ਭੀ ਮਾਸ (ਵਰਤਣ ਦਾ ਜ਼ਿਕਰ) ; ਜਗਤ ਦੇ ਸ਼ੁਰੂ ਤੋਂ ਹੀ ਮਾਸ ਵਰਤੀਂਦਾ ਚਲਾ ਆਇਆ ਹੈ ॥ ਜੱਗ ਵਿਚ, ਵਿਆਹ ਆਦਿਕ ਕਾਜ ਵਿਚ (ਮਾਸ ਦੀ ਵਰਤੋਂ) ਪ੍ਰਧਾਨ ਹੈ, ਉਹਨੀਂ ਥਾਈਂ ਮਾਸ ਵਰਤੀਂਦਾ ਰਿਹਾ ਹੈ ॥ ਜ਼ਨਾਨੀ, ਮਰਦ, ਸ਼ਾਹ, ਪਾਤਿਸ਼ਾਹ ... ਸਾਰੇ ਮਾਸ ਤੋਂ ਹੀ ਪੈਦਾ ਹੁੰਦੇ ਹਨ ॥ ਜੇ ਇਹ ਸਾਰੇ (ਮਾਸ ਤੋਂ ਬਣਨ ਕਰਕੇ) ਨਰਕ ਵਿਚ ਪੈਂਦੇ ਦੱਸੀਦੇ ਹਨ ਤਾਂ ਉਹਨਾਂ ਤੋਂ (ਮਾਸ ਤਿਆਗੀ ਪੰਡਿਤ ਨੂੰ) ਦਾਨ ਭੀ ਨਹੀਂ ਲੈਣਾ ਚਾਹੀਦਾ॥ (ਨਹੀਂ ਤਾਂ) ਵੇਖੋ, ਇਹ ਅਚਰਜ ਧੱਕੇ ਦੀ ਗੱਲ ਹੈ ਕਿ ਦਾਨ ਦੇਣ ਵਾਲੇ ਨਰਕੇ ਪੈਣ ਤੇ ਲੈਣ ਵਾਲੇ ਸੁਰਗ ਵਿਚ ॥ (ਅਸਲ ਵਿਚ) ਹੇ ਪੰਡਿਤ ! ਤੂੰ ਡਾਢਾ ਚਤੁਰ ਹੈਂ, ਤੈਨੂੰ ਆਪ ਨੂੰ (ਮਾਸ ਖਾਣ ਦੇ ਮਸਲੇ ਦੀ) ਸਮਝ ਨਹੀਂ, ਪਰ ਤੂੰ ਲੋਕਾਂ ਨੂੰ ਸਮਝਾਂਦਾ ਹੈਂ ॥ (ਵੇਖ) ਪਾਣੀ ਤੋਂ ਅੰਨ ਪੈਦਾ ਹੁੰਦਾ ਹੈ, ਕਮਾਦ ਗੰਨਾ ਉਂਗਦਾ ਹੈ ਤੇ ਕਪਾਹ ਉਂਗਦੀ ਹੈ, ਪਾਣੀ ਤੋਂ ਹੀ ਸਾਰਾ ਸੰਸਾਰ ਪੈਦਾ ਹੁੰਦਾ ਹੈ ॥ ਬੇਅੰਤ ਕਿਸਮਾਂ ਦੇ ਪਦਾਰਥ ਪਾਣੀ ਵਿਚ ਹੀ ਹਨ ॥ ਸੋ, ਨਾਨਕ ਇਹ ਵਿਚਾਰ ਦੀ ਗੱਲ ਦੱਸਦਾ ਹੈ (ਕਿ ਜੇ ਸੱਚਾ ਤਿਆਗੀ ਬਣਨਾ ਹੈ ਤਾਂ) ਇਹਨਾਂ ਸਾਰੇ ਪਦਾਰਥਾਂ ਦੇ ਚਸਕੇ ਛੱਡ ਕੇ ਤਿਆਗੀ ਬਣੇ (ਕਿਉਂਕਿ ਮਾਸ ਦੀ ਉਤਪੱਤੀ ਭੀ ਪਾਣੀ ਤੋਂ ਹੈ ਤੇ ਅੰਨ ਕਮਾਦ ਆਦਿਕ ਦੀ ਉਤਪੱਤੀ ਭੀ ਪਾਣੀ ਤੋਂ ਹੀ ਹੈ) ॥

ਯਹੂਦੀ, ਮੁਸਲਮਾਨ ਅਤੇ ਈਸਾਈ ਆਪਣੇ ਆਪਨੂੰ ਪਰਮਾਤਮਾ ਦੇ ਖਾਸ ਚੁਣੇਤੇ ਮੰਨਦੇ ਹਨ, ਸੋ ਜਿਹੜੇ ਲੋਕ ਇਨ੍ਹਾਂ ਧਰਮਾਂ ਦੇ ਪੈਰੋਕਾਰ ਨਹੀਂ ਹਨ, ਉਹ ਪਰਮਾਤਮਾ ਦੀ ਕਿਰਪਾ, ਬਰਕਤ ਅਤੇ ਰਹਿਮ ਦੇ ਹਕਦਾਰ ਨਹੀਂ ਗਿਣੇ ਜਾ ਸਕਦੇ ॥

ਸਾਰੇ ਧਰਮਾਂ ਦੀ ਆਪੋ ਆਪਣੀ ਇਕ ਮੁਖ ਪੁਸਤਕ ਹੈ, ਸਿਰਫ ਹਿੰਦੂ ਧਰਮ ਦੀਆਂ ਹੀ ਅਨੇਕਾਂ

ਪੁਸਤਕਾਵਾਂ ਹਨ, ਜਿਨ੍ਹਾਂ ਅਨੁਸਾਰ ਸਾਰੇ ਹੀ ਪੈਰੋਕਾਰਾਂ ਨੂੰ ਜਾਂ ਤਾਂ ਪ੍ਰਭੂ ਦਾ ਸੁਭਾਗ ਬਿਲਕੁਲ ਹੀ ਹਾਸਲ ਨਹੀਂ ਹੈ, ਜਾਂ ਫਿਰ ਇਕੋ ਜਿਹਾ ਨਹੀਂ ਹੈ ॥ ਨਿਰਭਰਤਾ ਜਨਮ ਅਤੇ ਜਾਤ ਉਤੇ ਹੈ ॥ ਸਿਰਫ ਸਿੱਖ ਧਰਮ ਹੀ ਹੈ, ਜਿਹੜਾ ਬਿਨਾ ਕਿਸੇ ਸ਼ਰਤ ਦੇ ਏਕ ਪਿਤਾ, ਏਕਸ ਕੇ ਹਮ ਬਾਰਿਕ, ਦੇ ਅਸੂਲ ਨੂੰ ਮੰਨਦਾ ਅਤੇ ਪਾਲਦਾ ਹੈ (ਸੋਰਠ ਮਹਲਾ ੫, ਪੰਨਾ ੬੧੧) ॥

ਇਸਲਾਮ ਇਸ ਮਤ ਦੀ ਸਥਾਪਨਾ ਅਰਬ ਵਿਚ ਹਜ਼ਰਤ ਮੁਹੰਮਦ ਨੇ ਸਤਵੀਂ ਸਦੀ ਈਸਵੀ ਵਿਚ ਕੀਤੀ ਸੀ ॥ ਇਸ ਮਤ ਨੇ ਯਹੂਦੀ ਅਤੇ ਈਸਾਈ ਮੱਤਾਂ ਦੀਆਂ ਕਈ ਗੱਲਾਂ ਅਪਣਾ ਲਈਆਂ ॥ ਸੁੱਨਤ ਕਰਨੀ, ਸੂਰ ਦਾ ਮਾਸ ਨਾ ਖਾਣਾ, ਪੰਜ ਵੇਲੇ ਨਮਾਜ਼ ਪੜ੍ਹਨੀ, ਰੋਜ਼ੇ ਰੱਖਣੇ, ਅਤੇ ਖਾਣ ਵਾਲੇ ਜਾਨਵਰ ਨੂੰ ਕੁਹਕ ਕਰਕੇ (ਹਲਾਲ ਮਰਿਯਾਦਾ ਨਾਲ) ਮਾਰਨਾ, ਇਹ ਇਸ ਧਰਮ ਦੀਆਂ ਲਾਜ਼ਮੀ ਸ਼ਰਤਾਂ ਹਨ ॥ ਨਮਾਜ਼ ਪੜ੍ਹਨ ਵੇਲੇ ਹਰ **ਮੁਸਲਮਾਨ** ਮੱਕੇ ਵੱਲ ਨੂੰ ਮੂੰਹ ਕਰੇ ॥ ਅੱਲਾ ਮੀਆਂ ਦੀ ਰਹਿਮਤ, ਉਸ ਹਰ ਮੁਸਲਮਾਨ ਉਤੇ ਹੋਵੇਗੀ, ਜੋ ਹਜ਼ਰਤ ਮੁਹਮਦ ਨੂੰ ਰਸੂਲੇ-ਅੱਲ੍ਹਾ ਮੰਨੇਗਾ, ਹੋਵੇ ਭਾਂਵੇਂ ਉਹ ਦੁਨੀਆਂ ਦੇ ਕਿਸੇ ਭੀ ਕੋਨੇ ਤੋਂ ॥ ਕਯਾਮਤ ਬਾਰੇ, ਕੁਰਾਨ ਸੂਰਤ ੩੨ ਆਯਿਤ ੫ ਵਿਚ ਲਿਖਿਆ ਹੈ, ਕਿ ਆਦਮੀਆਂ ਦੇ ਹਜ਼ਾਰ ਵਰ੍ਹੇ ਦਾ ਇਕ ਦਿਨ ਪ੍ਰਲੋ ਦੇ ਅੰਤ ਦਾ ਹੋਵੇਗਾ, ਜਿਸ ਵਿਚ ਜੀਵਾਂ ਦੇ ਸ਼ੁਭ ਅਸ਼ੁਭ ਕਰਮਾ ਦਾ ਫੈਸਲਾ ਖ਼ੁਦਾ ਕਰੇਗਾ ॥ ਇਹਨਾਂ ਦੀ ਧਰਮ ਪੁਸਤਕ "ਕੁਰਾਨ" ਹੈ ॥ ਇਸ ਨੂੰ ਵਖ ਵਖ ਸਮਿਆਂ ਸਿਰ ਖ਼ੁਦਾ ਨੇਂ ਫਰਿਸ਼ਤਿਆਂ ਰਾਹੀਂ ਹਜ਼ਰਤ ਮੁਹੰਮਦ ਤਾਂਈ ਪੁਚਾਇਆ ਸੀ ॥

ਇਸਲਾਮ ਦੇ ਸਿਧਾਂਤਾਂ ਵਿਚ ਇਕ ਪ੍ਰਮਾਤਮਾ ਦੀ ਹੋਂਦ ਨੂੰ ਪੱਕੀ ਤਰ੍ਹਾਂ ਮੰਨਿਆ ਜਾਂਦਾ ਹੈ ॥ ਉਹ ਕਰਤਾ ਹੈ ਅਤੇ ਆਪਣੇ ਪੈਦਾ ਕੀਤੇ ਹੋਏ ਬੰਦਿਆਂ ਨੂੰ ਪਿਆਰ ਅਤੇ ਮਿਹਰਬਾਨੀ ਨਾਲ ਰਖਦਾ ਹੈ ॥ "ਲਾ-ਇਲਾ ਇਲ-ਇਲਹਾ, ਮੁਹੰਮਦ ਰਸੂਲ ਇਲ-ਲਾ" ਅਨੁਸਾਰ ਰੱਬ ਇਕੋ ਹੀ ਹੈ, ਅਤੇ ਮੁਹੰਮਦ ਉਸਦਾ (ਆਖਰੀ) ਰਸੂਲ (ਪੈਗ਼ੰਮਬਰ) ਹੈ ॥ ਹਰ ਥਾਂ ਰੱਬ ਦਾ ਹੁਕਮ ਚਲਦਾ ਹੈ ॥ ਜਿਹੜੇ ਕਸੂਰਵਾਰਾਂ ਦੀ ਸਫਾਰਸ਼ ਮੁਹੰਮਦ ਕਰੇ, ਉਨ੍ਹਾਂ ਨੂੰ ਖ਼ੁਦਾ ਬਖ਼ਸ਼ ਦਿੰਦਾ ਹੈ॥

ਹਰ ਰੋਜ਼ ਪੰਜ ਨਮਾਜ਼ਾਂ ਅਦਾ ਕਰਨੀਆਂ ਹਰ ਮੁਸਲਮਾਨ ਲਈ ਲਾਜ਼ਮੀ ਹਨ ॥ ਸਿਹਤ ਅਤੇ ਪਹੁੰਚ ਹੋਵੇ ਤਾਂ ਆਪਣੀ ਹਯਾਤ ਵਿਚ ਹਰ ਮੁਸਲਮਾਨ ਨੂੰ ਕਮ ਅਜ਼ ਕਮ ਇਕ ਵਾਰੀ ਮੱਕਾ ਜਾ ਕੇ "ਹੱਜ" ਕਰਨਾ ਜ਼ਰੂਰੀ ਹੈ ॥ ਉਥੇ ਕਾਅਬੇ ਵਿਚ "ਸੰਗੇ ਅਸਵਦ" ਦਾ ਚੁੰਮਣ ਕਰਦੇ ਹਨ, ਅਤੇ ਸੱਤ ਪ੍ਰਕਰਮਾਂ ਕਰਦੇ ਹਨ ॥ ਇਥੇ ਪਹੁੰਚਣ ਤੋ ਪਹਿਲਾਂ ਸਾਰੇ ਸਿਰ ਮੁਨਾ ਦਿੰਦੇ ਹਨ, ਅਤੇ ਇਸ਼ਨਾਨ ਕਰਕੇ ਆਪਣੇ ਕਪੜਿਆਂ ਦੀ ਥਾਂ, ਇਕ ਚਿੱਟੀ ਚਾਦਰ ਤੇੜ ਲਗਾ ਲੈਂਦੇ ਹਨ ਅਤੇ ਇਕ ਉਪਰ ਲੈ ਲੈਂਦੇ ਹਨ ॥ ਉਹ "ਜ਼ਮ ਜ਼ਮ" ਖੂਹ ਦਾ ਪਾਣੀ ਪੀਂਦੇ ਹਨ ਅਤੇ ਹੱਜ ਦੇ ਦਸਵੇਂ ਦਿਨ ਰੱਬ ਨੂੰ ਕਿਸੇ ਜਾਨਵਰ (ਦੁੰਬਾ, ਗਾਂ ਜਾਂ ਊਠ) ਦੀ ਕੁਰਬਾਨੀ ਦਿੰਦੇ ਹਨ ॥

ਮੁਸਲਮਾਨ ਨੂੰ ਜ਼ਕਾਤ (ਆਮਦਨ ਦਾ ਚਾਲੀਵਾਂ ਹਿੱਸਾ) ਦੇਣਾ ਜ਼ਰੂਰੀ ਹੈ, ਅਤੇ ਸੂਦ ਲੈਣਾ ਮਨਾਹ ਹੈ ॥ ਸ਼ੈਤਾਨ ਨੂੰ ਰੱਬ ਨੇਂ ਹੁਕਮ ਅਦੂਲੀ ਕਰਨ ਕਰਕੇ ਸਵੱਰਗ ਵਿਚੋਂ ਕਢ ਦਿਤਾ ਸੀ ॥ ਹੁਣ ਉਹ ਰੱਬ ਦੀ ਬਰਖਿਲਾਫੀ ਕਰਦਾ ਹੈ ਅਤੇ ਬੰਦਿਆਂ ਨੂੰ ਬੁਰਾਈ ਵਲ ਪ੍ਰੇਰਨ ਦਾ ਕੰਮ ਕਰਦਾ ਰਹਿੰਦਾ ਹੈ ॥

ਸਿਖ ਧਰਮ ਅਤੇ ਇਸਲਾਮ ਵਿਚ ਏਕਤਾਵਾਂ ਅਤੇ ਫਰਕ ਇਹ ਹਨ : -

੧. ਦੋਵੇਂ ਇਕ ਪ੍ਰਮਾਤਮਾਂ ਦੀ ਹੋਂਦ ਤੋਂ ਬਿਨਾ ਹੋਰ ਕਿਸੇ ਸ਼ਕਤੀ ਨੂੰ ਨਹੀਂ ਸਵੀਕਾਰਦੇ ॥ ਇਹੀ ਕਰਤਾ ਹੈ ਅਤੇ ਇਸੇ ਦਾ ਹੁਕਮ ਅਟੱਲ ਹੈ ॥ ਇਸਲਾਮ ਅਨੁਸਾਰ ਰੱਬ ਕਿਸੇ ਸੱਤਵੇਂ ਅਸਮਾਨ ਵਿਚ ਦਰਬਾਰ ਲਾਕੇ ਬੈਠਾ ਹੈ, ਅਤੇ ਫਰਿਸ਼ਤਿਆਂ ਨੇਂ ਉਸਦਾ ਤਖ਼ਤ ਚੁਕਿਆ ਹੋਇਆ ਹੈ ॥ ਗੁਰਮਤ ਇਸ ਗਲ ਨਾਲ ਸਹਿਮਤ ਨਹੀਂ ਹੈ ॥

੨. ਦੋਵੇਂ ਧਰਮ ਰੱਬ ਦਾ ਹੁਕਮ, ਰੱਬ ਦੀ ਰਜ਼ਾ ਅਤੇ ਰੱਬ ਦੀ ਮਿਹਰ ਵਿਚ ਵਿਸ਼ਵਾਸ ਰਖਦੇ ਹਨ ॥

੩. ਸਿਖ ਧਰਮ ਨਰਕ ਅਤੇ ਸਵਰਗ ਵਿਚ ਵਿਸ਼ਵਾਸ ਨਹੀਂ ਰਖਦਾ ॥ ਨਾਂ ਹੀ ਬੰਦਾ ਪੈਗ਼ੰਬਰੀ ਦੀ ਸਫਾਰਸ਼ ਉਤੇ (ਜਿਹਾ ਕਿ ਹਜ਼ਰਤ ਮੁਹੰਮਦ ਜਾਂ ਜੀਜ਼ਸ ਕਰਾਈਸਟ) ਮੋਕਸ਼ ਪਾ ਸਕਦਾ ਹੈ ॥ ਆਵਾ ਗਵਣ ਤੋਂ ਛੁਟਕਾਰਾ ਪਾਉਣ ਲਈ ਨਾਮ ਸਿਮਰਨ ਅਤੇ ਹੋਰ ਗੁਰਬਾਣੀ ਵਿਚ ਦੱਸੇ ਰਾਹਾਂ ਤੇ ਚਲਣ ਨਾਲ ਹੀ ਪ੍ਰਮਾਤਮਾਂ ਦੀ ਬਖ਼ਸ਼ੀ ਹੋਈ ਜੋਤਿ ਨੂੰ ਇਲਾਹੀ ਜੋਤਿ ਵਿਚ ਮਿਲਾਉਣ ਜੋਗੇ ਹੋ ਸਕੀਦਾ ਹੈ ॥

੪. ਮੁਲਸਮਾਨੀ ਨਮਾਜ਼ਾਂ ਵਾਂਗ ਗੁਰਮਤਿ ਵਿਚ "ਅਰਦਾਸ" ਦੀ ਬੜੀ ਮਹਾਨਤਾ ਹੈ ॥ ਫਰਕ ਇਹ ਹੈ ਕਿ ਗੁਰਮਤਿ ਵਿਚ ਪ੍ਰਮਾਤਮਾ ਹਰ ਥਾਂ ਉਤੇ ਹੈ, ਇਸ ਲਈ ਕਿਸੇ ਖ਼ਾਸ ਦਿਸ਼ਾ ਵਲ ਨੂੰ ਮੂੰਹ ਕਰਕੇ (ਮੱਕੇ) ਅਰਦਾਸ ਕਰਨੀਂ ਨਾਮਨਜ਼ੂਰ ਹੈ ॥

੫. ਗੁਰਮਤਿ ਫਰਿਸ਼ਤਿਆਂ ਵਿਚ, ਪੈਗ਼ੰਬਰੀ ਵਿਚ, ਸ਼ੈਤਾਨ ਵਿਚ, ਅਤੇ ਰੋਜ਼ੇ (ਵਰਤ) ਰਖਣ ਵਿਚ ਵਿਸ਼ਵਾਸ ਨਹੀਂ ਰਖਦੀ ॥ ਅਤੇ ਨਾਂ ਹੀ ਨਰਕ ਅਤੇ ਬਹਿਸ਼ਤ ਜਾਂ ਕਿਆਮਤ ਉਪਰ ਹੀ ਕੋਈ ਅਕੀਦਾ ਹੈ ॥ ਮਿਰਜ਼ਾਈ ਅਤੇ ਆਗਾਖਾਨੀ, ਐਹਮਦੀ (ਮਿਰਜ਼ਾਈ), ਅਤੇ ਆਗਾਖਾਨੀ ਭੀ ਇਸਲਾਮੀਂ ਫਿਰਕੇ ਅਖਵਾਉਂਦੇ ਹਨ ॥

ਮੁਸਲਮਾਨਾਂ ਦੀ ਬਹੁਗਿਣਤੀ ਸੁੱਨੀ ਹਨ : ਦੂਸਰੇ ਸ਼ੀਆ ਹਨ ॥ ਤਿਆਗ (ਅਸੈਟੇਸਿਜ਼ਮ) ਹਜ਼ਰਤ ਮੁਹੰਮਦ ਦੇ ਅਕੀਦੇ ਦਾ ਹਿੱਸਾ ਨਹੀਂ ਹੈ, ਪਰ ਉਨ੍ਹਾਂ ਤੋਂ ਬਾਦ, ਸੂਫੀ ਲਹਿਰ ਨੇ ਇਸ ਨੂੰ ਅਪਣਾ ਲਿਆ ਸੀ ॥ ਇਸ ਵਿਚ ਵੇਦਾਂਤ ਅਤੇ ਹਿਨਾਯਿਨ ਦੀ ਝਲਕ ਪੈਂਦੀ ਹੈ ॥

ਜੈਨ : ਮਹਾਂਵੀਰ ਨੇਂ ਈਸਾਈ ਮਤ ਤੋਂ ਕੋਈ ਛੇ ਕੁ ਸੌ ਸਾਲ ਪਹਿਲਾਂ, ਇਹ ਮਤ ਚਲਾਇਆ ਸੀ ॥ ਇਸ ਦੀ ਸਥਾਪਨਾ ਦਾ ਵਡਾ ਕਾਰਨ, ਉਸ ਸਮੇਂ ਦੇ ਹਿੰਦੂ ਵੇਦਕ ਅਸੂਲਾਂ ਦੀ ਆਲੋਚਨਾ ਕਰਨਾ ਸੀ ਜੋ ਜਾਨਵਰਾਂ ਦੇ ਬਲੀਦਾਨ ਕਰਨ ਦੇ ਉਪਾਸ਼ਕ ਸਨ ॥ ਇਨ੍ਹਾਂ ਨੂੰ ਜੈਨੀ ਕਹਿੰਦੇ ਹਨ ਅਤੇ ਇਨ੍ਹਾਂ ਦਾ ਮੁਖ ਮੰਨਤਵ ਅਹਿੰਸਾ ਹੈ ॥ ਇਸ ਮਕਸਦ ਦੀ ਪੂਰਤੀ ਲਈ ਇਹ ਜਾਣਦੇ ਭੀ ਅਤੇ ਅਣਜਾਣੇ ਭੀ ਕਿਸੇ ਬੰਦੇ ਨੂੰ ਤਾਂ ਕੀ ਪ੍ਰਿੰਦੇ ਜਾਨਵਰ ਅਤੇ ਕੀੜੇ ਮਕੋੜੇ, ਜੂੰਆਂ ਪਿਸੂਆਂ ਤਕ ਨੂੰ ਭੀ ਮਾਰਨ ਤੋਂ ਪ੍ਰਹੇਜ਼ ਕਰਦੇ ਹਨ॥ ਇਹ ਮਤ, ਬੁਧ ਮਤ ਤੋਂ ਪੁਰਾਣਾ ਹੈ ॥ ਇਸ ਦੇ ਪੰਜ ਮੁਖ ਅਸੂਲ ਹਨ :

ਅਹਿੰਸਾ । ਸਤਿਯ । ਅਸਤੇਯ (ਚੋਰੀ ਨਾ ਕਰਨੀ)।ਬਰ੍ਹਮਚਰਿਯ । ਅਪਰਿਗ੍ਰਿਹ (ਮੋਹ ਨਾ ਕਰਨਾ) । ਇਸ ਮਤ ਦੇ ੨ ਮੁਖ ਫਿਰਕੇ ਹਨ :

(੧) **ਸ਼ੇਤਾਂਬਰ** (੨) **ਦਿਗਾਂਬਰ** ॥

ਜੈਨ ਮਤ ਅਤੇ ਬੁਧ ਮਤ ਦੋਵੇਂ ਹੀ ਅਹਿੰਸਾ ਦੇ ਧਾਰਣੀ ਹਨ, ਪਰ ਜੈਨ ਮਤ ਦੇ ਪੈਰੋਕਾਰ ਤਾਂ ਇਸ ਤੱਤ ਨੂੰ ਐਸੀ ਨੀਂਵੀਂ ਹਦ ਤਾਂਈ ਘੜੀਸ ਕੇ ਲੈ ਗਏ ਹਨ, ਕਿ ਆਮ ਬੰਦਿਆਂ ਦਾ ਜੀਵਨ ਜ਼ਿਲਤ ਭਰਿਆ ਅਤੇ ਅੰਧ ਵਿਸ਼ਵਾਸ ਦੀ ਗਿਲਾਨੀ ਵਿਚ ਖੁਬਦਾ ਚਲਾ ਜਾ ਰਿਹਾ ਸੀ ॥ ਪ੍ਰਮਾਤਮਾ ਦੀ ਜੋਤਿ ਦਾ ਸਹਾਰਾ ਨਾ ਹੋਣ ਕਰਕੇ ਇਨ੍ਹਾ ਦਾ ਜੀਵਨ ਅੰਨ੍ਹੇਰਾ ਹੀ ਸੀ ॥ ਅਹਿੰਸਾ ਦੀ ਥਾਂ ਸਾਡੇ ਗੁਰੂ ਸਾਹਿਬ ਪ੍ਰੇਮਾ ਭਗਤੀ ਵਾਲਾ ਜੀਵਨ ਬਤੀਤ ਕਰਨ ਲਈ ਅਤੇ ਸੰਸਾਰ ਦੇ ਦੁਖਾਂ ਵਿਚ ਸਾਂਝੀਵਾਲ ਹੋਣ ਦੀ ਸਿਖਿਆ ਦਿੰਦੇ ਹਨ ॥ ਉਹ ਯਾਦ ਕਰਾਉਂਦੇ ਹਨ : -

ਵਾਰ ਮਲਾਰ ੧੬ ਵੀਂ ਪਉੜੀ

ਇਕਿ ਜੈਨੀ ਉਝੜ ਪਾਇ ਧੁਰੁ ਖੁਆਇਆ ॥ ਤਿਨ ਮੁਖਿ ਨਾਹੀ ਨਾਮੁ ਨ ਤੀਰਥਿ ਨ੍ਹਾਇਆ ॥

ਹਥੀ ਸਿਰ ਖੋਹਾਇ ਨ ਭਦੁ ਕਰਾਇਆ ॥ ਕੁਚਿਨ ਰਹਹਿ ਦਿਨ ਰਾਤਿ ਸਬਦੁ ਨ ਭਾਇਆ॥

ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ ॥ ਮਨਿ ਜੂਠੈ ਵੇਜਾਤਿ ਜੂਠਾ ਖਾਇਆ ॥

ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ ॥ ਗੁਰਮੁਖਿ ਓਅੰਕਾਰਿ ਸਚਿ ਸਮਾਇਆ ॥

ਪੰਨਾ ੧੨੮੫

ਅਰਥਾਤ :- ਕਈ ਬੰਦੇ ਜਿਹੜੇ "ਜੈਨੀ" ਅਖਵਾਉਂਦੇ ਹਨ, ਉਹ ਮੁਢ ਤੋਂ ਹੀ ਕੁਰਾਹੇ ਪਏ ਹੋਏ ਹਨ ॥ ਉਨ੍ਹਾਂ ਦੇ ਮੂੰਹ ਵਿਚ ਕਦੀ ਪ੍ਰਮਾਤਮਾ ਦਾ ਨਾਮ ਨਹੀਂ ਆਉਂਦਾ ॥ ਨਾਂ ਹੀ ਉਹ ਪ੍ਰਭੂ ਦੇ ਨਾਮ ਦੇ ਤੀਰਥ ਵਿਚ ਕਦੀ ਇਸ਼ਨਾਨ ਹੀ ਕਰਦੇ ਹਨ ॥ ਉਹ ਆਪਣਾ ਸਿਰ ਨਹੀਂ ਮੁਨਾਂਉਂਦੇ : ਆਪਣੇ ਵਾਲ ਹਥਾਂ ਨਾਲ ਹੀ ਪੁਟ ਲੈਂਦੇ ਹਨ ॥ ਦਿਨ ਰਾਤ ਗੰਦੇ ਰਹਿੰਦੇ ਹਨ ॥ ਉਨ੍ਹਾਂ ਨੂੰ ਗੁਰ-ਸ਼ਬਦ ਅਛਾ ਨਹੀਂ ਲਗਦਾ ਇਨ੍ਹਾਂ ਦਾ ਜੀਵਨ ਵਿਅਰਥ ਹੀ ਜਾਂਦਾ ਹੈ ॥ ਇਹ ਲੋਕ ਮਨੋਂ ਭੀ ਜੂਠੇ ਹਨ, ਅਤੇ ਭੋਜਨ ਭੀ ਜੂਠਾ ਹੀ ਖਾਦੇ ਹਨ ॥ ਗੁਰ ਸ਼ਬਦ ਬਿਨਾਂ ਕਿਸੇ ਨੂੰ ਭੀ ਚੰਗੀ ਰਹਿਣੀ ਨਹੀਂ ਮਿਲ ਸਕਦੀ ਹੈ ॥ ਜਿਹੜਾਂ ਬੰਦਾ ਗੁਰੂ ਦੇ ਸਨਮੁਖ ਹੈ, ਉਹ ਉਸ ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖ ਸਦਕੇ ਟਿਕਿਆ ਰਹਿ ਸਕਦਾ ਹੈ ॥

ਇਹ ਪ੍ਰਮਾਤਮਾ ਜਾਂ ਕਰਤਾ ਨੂੰ ਨਹੀਂ ਮੰਨਦੇ ॥ ਅਤੇ ਨਿਯਮਕ ਤੌਰ ਤੇ ਇਹ ਕਈ ਵਰਤ ਰਖਦੇ ਹਨ ॥ ਇਸ ਧਰਮ ਦੀ ਫਿਲਾਸਫੀ ਅਨੁਸਾਰ ਔਰਤਾਂ ਮੋਕਸ਼ ਨੂੰ ਪ੍ਰਾਪਤ ਨਹੀਂ ਕਰ ਸਕਦੀਆਂ ॥

ਬੁਧ ਮਤ ਦਾ ਬਾਨੀ ਸਿਧਾਰਥ ਅਥਵਾ ਗੌਤਮ ਹੈ ॥ ਉਹ ਰਾਜਾ ਸ਼ੁੱਧੋਦਨ ਦਾ ਪੁੱਤਰ ਸੀ, ਅਤੇ ੧੯ ਸਾਲ ਦੀ ਉਮਰ ਵਿਚ ਉਸਦੀ ਸ਼ਾਦੀ ਹੋਈ, ਜਿਸਤੋਂ ਰਾਹੂਲ ਨਾਮੀ ਪੁੱਤਰ ਜਨਮਿਆ ॥ ੨੭ ਸਾਲ ਦੀ ਉਮਰੇ ਉਸਨੂੰ ਇਤਨਾ ਵੈਰਾਗ ਹੋਇਆ ਕਿ ਉਹ ਘਰ ਬਾਰ ਛੱਡ ਕੇ ਸੰਨਿਆਸੀ ਹੋ ਗਿਆ ॥ ਉਸਨੇ ਕਈ ਸਾਲ, ਬੁਧ ਗਿਆ ਵਿਚ ਬੋਧੀਦ੍ਰਮ ਬੋੜ੍ਹ ਦੇ ਥਲੇ ਬੈਠਕੇ ਤਪ ਕੀਤਾ ॥ ਅਸਲੀ ਬੋੜ੍ਹ ਬੰਗਾਲ ਦੇ ਰਾਜਾ ਸ਼ਸ਼ਾਂਕ ਨੇ ਭਸਮ ਕਰ ਦਿੱਤਾ ਸੀ, ਪਰ ਕੋਈ ੨੬੦੦ ਸਾਲ ਹੋਏ ਮਗਧ ਦੇ ਰਾਜਾ ਪੂਰਨਵਰਮਾ ਨੇ ਨਵਾਂ ਲਗਵਾ ਦਿੱਤਾ ਸੀ, ਜੋ ਉਥੇ ਅਜੇ ਵੀ ਮੌਜੂਦ ਹੈ ॥ ਗੌਤਮ ਬੁਧ ਨੇ ਹਿੰਦੂ ਵੈਦਿਕ ਧਰਮ ਦੀ ਥਾਂ ਆਪਣਾ ਮਤ ਚਲਾਇਆ॥ ਇਸ ਮਤ ਦਾ ਮੁਖ ਨਿਯਮ ਅਹਿੰਸਾ ਹੈ ॥ ਇਸ ਧਰਮ ਦੀਆਂ ਚਾਰ ਵੱਡੀਆਂ ਸੱਚਾਈਆਂ ਹਨ :

ਮਨੁੱਖੀ ਖਾਹਸ਼ਾਂ ਕਾਰਣ, ਸੰਸਾਰ ਦੁਖਾਂ ਦਾ ਘਰ ਹੈ ॥ ਇਨ੍ਹਾਂ ਖਾਹਸ਼ਾਂ ਅਤੇ ਇੰਦਰੀਆਂ ਨੂੰ ਕਾਬੂ ਰਖਣਾ ॥ ਜਿਵੇਂ ਚਿਕੜ ਨਾਲ ਲਿਬੜੇ ਕਪੜੇ ਪਾਣੀ ਨਾਲ ਹੀ ਸਾਫ ਹੁੰਦੇ ਹਨ, ਇਸੇ ਤਰ੍ਹਾਂ ਹੀ ਮਨ ਦੇ ਵਿਕਾਰ ਵੀ ਮਨ ਰਾਹੀਂ ਹੀ ਦੂਰ ਕੀਤੇ ਜਾ ਸਕਦੇ ਹਨ ॥ ਜਿਨ੍ਹਾਂ ਦੇ ਸੰਕਲਪ, ਵਾਣੀ, ਅਤੇ ਕਿਰਿਆ ਪਵਿੱਤਰ ਹਨ, ਉਨ੍ਹਾਂ ਦੇ ਨਾਲ ਸੁਖ ਅਤੇ ਸ਼ਾਂਤੀ ਇਸ ਤਰ੍ਹਾਂ ਰਹਿੰਦੇ ਹਨ, ਜਿਸ ਤਰ੍ਹਾਂ ਸਰੀਰ ਦੇ ਨਾਲ ਛਾਇਆ ॥ ਇਸ ਧਰਮ ਵਿਚ ਰੂਹ, ਅਤੇ ਪਰਮਾਤਮਾ ਜਾਂ ਕਰਤੇ ਦੀ ਥਾਂ ਨਹੀਂ ਹੈ ॥ ਇਸ ਦੀਆਂ ਦੋ ਮੁਖ ਸ਼ਾਖਾਵਾਂ ਹਨ :

੧. ਹੀਨਯਾਨ - ਜੋ ਬਰਮਾ ਸਿਆਮ (ਥਾਈਲੈਂਡ) ਅਤੇ ਸੀਲੋਨ (ਸਿਰੀ ਲੰਕਾ) ਵਿਚ ਫੈਲਿਆ ਹੋਇਆ ਹੈ ।

੨. ਮਹਾਂਯਾਨ - ਜੋ ਤਿੱਬਤ ਚੀਨ ਅਤੇ ਜਪਾਨ ਵਿਚ ਪ੍ਰਫੁੱਲਤ ਹੈ ।

ਈਸਾਈ ਮਤ ਦਾ ਅਸੂਲ ਕਿ "ਬਦੀ ਦਾ ਜਵਾਬ ਨੇਕੀ ਵਿਚ ਦਿਉ ", ਮਹਾਤਮਾਂ ਬੁਧ ਨੇ ਯਸੂ ਮਸੀਹ ਤੋਂ ਕੋਈ ਛੇ ਕੁ ਸੌ ਸਾਲ ਪਹਿਲਾਂ ਹੀ ਉਲੀਕਿਆ ਸੀ ॥

ਹਿੰਦੂ ਧਰਮ ਇਨ੍ਹਾਂ ਸਾਰੀਆਂ ਹੀ ਧਾਰਮਕ ਪ੍ਰਣਾਲੀਆਂ ਦੇ ਅਸਰ ਤੋਂ ਰਹਿਤ ਹੈ, ਅਤੇ ਇਹ ਧਰਮ ਭਾਰਤ ਵਿਚ ਹੀ ਰਚਿਆ ਗਿਆ ਸੀ ॥ ਆਪਣੀ ਪੁਸਤਕ, (ਦ ਹਿੰਦੂ ਵਿਯੂ ਆਫ ਲਾਈਫ, ਪ: ੧੨) ਵਿਚ ਸਰ ਰਾਧਾਕ੍ਰਿਸ਼ਨਨ ਲਿਖਦਾ ਹੈ : "ਬਹੁਤਿਆਂ ਨੂੰ ਇਹ ਲਗਦਾ ਹੈ, ਕਿ ਹਿੰਦੂ ਧਰਮ, ਬਿਨਾਂ ਕਿਸੇ ਸਾਰਅੰਸ਼ ਦੇ, ਇਕ ਨਾਉਂ ਹੀ ਹੈ॥ ਕੀ ਇਹ ਧਾਰਮਕ ਪ੍ਰਤੀਤੀਆਂ ਦਾ ਕੌਤਕ ਭੰਡਾਰ, ਜਾਂ ਰੀਤਾਂ ਰਸਮਾਂ ਦੀ ਮਿਸ਼ਰਤ, ਅਥਵਾ ਸਿਰਫ਼ ਇਕ ਨਕਸ਼ਾ, ਜਾਂ ਭੂਗੋਲਿਕ ਸ਼ਬਦਾਵਲੀ ਹੀ ਹੈ ? ਇਸਦਾ ਅੰਸ਼, ਜੇ ਕੋਈ ਹੈ ਵੀ ਸੀ, ਇਕ ਜੁਗ ਤੋਂ ਦੂਸਰੇ ਜੁਗ ਤਾਈਂ, ਅਤੇ ਇਕ ਸਮਾਜਕ ਭਾਈਚਾਰੇ ਤੋਂ ਦੂਸਰੇ ਭਾਈਚਾਰੇ ਤਕ, ਬਹੁਤ ਬਦਲ ਗਿਆ ਹੈ ॥ ਜਿਹੜਾ ਮੁੱਦਾ ਇਸਦਾ ਵੈਦਿਕ ਸਮੇਂ ਵਿਚ ਸੀ, ਉਹ ਬ੍ਰਾਹਮਣਵਾਦ ਵੇਲੇ ਨਾਂ ਰਿਹਾ; ਅਤੇ ਬੁਧ ਧਰਮ ਦੇ ਸਮੇਂ ਤਾਈਂ ਤਾਂ ਉਹ ਹੋਰ ਵੀ ਬਦਲ ਗਿਆ॥ ਜਿਹੜਾ ਅਰਥ ਸ਼ਿਵ ਦੇ ਪੁਜਾਰੀ ਕਢਦੇ ਹਨ, ਉਸ ਤੋਂ ਵੱਖਰਾ ਵੈਸ਼ਨਵ ਕੱਢਦੇ ਹਨ । ਅਤੇ ਸ਼ਕਤੀ ਦੇ ਪੁਜਾਰੀ ਤਾਂ ਇਨ੍ਹਾਂ ਤੋਂ ਭੀ ਵੱਖਰੇ ਹੀ ਨਤੀਜੇ ਤੇ ਪਹੁੰਚ ਜਾਂਦੇ ਹਨ "॥

ਅਗੇ ਚਲਕੇ ਸਰ ਰਾਧਾਕ੍ਰਿਸ਼ਨਨ ਕਹਿੰਦਾ ਹੈ: "ਹਿੰਦੂ ਧਰਮ, ਫਿਲਾਸਫੀਆਂ, ਮਿਥਿਆਵਾਂ ਅਤੇ ਜਾਦੂਆਂ ਦਾ ਇਕ ਭਿੰਨ-ਜਾਤੀ ਇਕੱਠ ਹੈ" ॥

"ਲਿਵਿੰਗ ਰਿਲੀਜਿਅਨਜ਼ ਆਫ ਇੰਡੀਅਨ ਪੀਪਲਜ਼" ਵਿਚ ਮੈਕਨਿਕੋਲ ਲਿਖਦਾ ਹੈ : "ਹਿੰਦੂ ਧਰਮ ਕੀ ਹੈ ? ਇਸਦਾ ਸਾਦਾ ਤੇ ਸੁਗਮ ਜਵਾਬ ਦੇਣ ਜੋਗਾ ਕੋਈ ਹੈ ਨਹੀਂ, ਤੇ ਨਾ ਹੋ ਹੀ ਸਕਦਾ ਹੈ॥ ਇਸਦਾ ਕੋਈ ਸਿਧਾਂਤ ਨਹੀਂ ਹੈ, ਜਿਹੜਾ ਕਿ ਪ੍ਰਭਤਾਪੂਰਵਕ ਢੰਗ ਨਾਲ ਦਰਸਾਇਆ ਗਿਆ ਹੋਵੇ॥ ਇਸਦੀ ਪ੍ਰਮੁੱਖਤਾ ਵਿਚ ਕੋਈ ਐਸੀ ਇਤਿਹਾਸਕ ਵਿਅਕਤਿਤਵ ਨਹੀਂ ਜਿਸਦੇ ਜੀਵਨ ਦੀ ਲੋ ਵਿਚ ਇਸਦਾ ਉਧਘਾਟਨ ਮਿਥਿਆ ਜਾ ਸਕੇ ॥ ਇਸਨੂੰ ਧਰਮ ਕਹਿਣ ਦੀ ਬਜਾਏ, ਵਧ ਤੋਂ ਵਧ ਇਹ ਕਿਹਾ ਜਾ ਸਕਦਾ ਹੈ, ਕਿ ਇਹ ਧਰਮ ਦਾ ਉਹ ਮਹਾਨ-ਕੋਸ਼ ਹੈ, ਜਿਸ ਵਿਚ ਵਿਆਪਕ ਗਿਆਨ ਦਾ ਬਹੁਤ ਵੱਡਾ ਢੇਰ, ਉਨ੍ਹਾਂ ਨਿਸ਼ਚੈ ਅਤੇ ਰਸਮਾਂ ਦਾ ਮਿਸ਼ਰਨ ਹੈ, ਜਿਹੜੇ ਇਕ ਦੂਸਰੇ ਤੋਂ ਸ਼ਰਧਾ ਜਾਂ ਰਿਵਾਜੀ ਕਾਰਜ ਵਜੋਂ ਅੰਤ੍ਰਵਿਰੋਧੀ ਹਨ" ॥

ਇਸਦੀ ਸਮਾਜਕ ਬਣਤਰ ਸ਼ੁਰੂਆਤ ਵਿਚ ਤਾਂ ਆਰਥਕ ਯੋਗਤਾ ਅਨੁਸਾਰ ਹੀ ਬਣੀ ਸੀ, ਪਰ ਜਲਦੀ ਹੀ ਉਹ ਯੋਗਤਾ ਤੋਂ ਜੱਦੀ ਬਣ ਗਈ ॥ ਫਿਰ ਇਸ ਕਿਰਤ ਦੀ ਵੰਡ ਨੂੰ ਧਰਮ ਦੀ ਰੰਙਣ ਦੇ ਕੇ, ਪੁਰਾਤਨ ਵੈਦਿਕ ਫਲਸਫੇ ਨੂੰ ਇਸ ਤਰ੍ਹਾਂ ਬਦਲ ਦਿੱਤਾ ਕਿ ਇਹ ਸਿਰਫ਼ ਇਕ ਜ਼ਾਤ-ਪਾਤੀ ਕਰਮਕਾਂਡ, ਅਤੇ ਦੇਵੀ ਦੇਵਤਿਆਂ ਦੀ ਪੂਜਾ ਦਾ ਸੰਗ੍ਰਿਹ ਬਣ ਕੇ ਹੀ ਚਲਦਾ ਰਿਹਾ ॥ ਹਰ ਬੰਦੇ ਦਾ ਜਨਮ ਉਸਦੇ ਪਿਛਲੇ ਕੀਤੇ ਕਰਮਾਂ ਫਲ-ਸਰੂਪ, ਜਾਤੀ-ਵੰਡ ਵਿਚ ਹੋਇਆ ਮਿਥਿਆ ਸੀ, ਇਸ ਲਈ ਉਸ ਸਬੰਧੀ ਸਮਾਜ ਦੀ ਕੋਈ ਜ਼ਿੰਮੇਵਾਰੀ ਨਹੀਂ ਸੀ ॥ ਇਹੀ ਕਾਰਣ ਸੀ ਕਿ ਨੀਚੀਆਂ ਜਾਤੀਆਂ ਉਪਰ ਜਿੰਨਾਂ ਭੀ ਅਤਿਆਚਾਰ ਹੁੰਦਾ ਸੀ ਅਤੇ ਗ਼ਰੀਬੀ ਆਉਂਦੀ ਸੀ ਉਸਦੇ ਉਹ ਆਪ ਹੀ ਜ਼ਿੰਮੇਵਾਰ ਮਿਥੇ ਜਾਂਦੇ ਸਨ ॥ ਮਜ਼ੇ ਦੀ ਗੱਲ ਇਹ ਹੈ ਕਿ ਉਹ ਨੀਵੇਂ ਆਪ ਵੀ ਇਹੋ ਕੁਝ ਹੀ ਮੰਨੀ ਬੈਠੇ ਸਨ ॥ ਐਨੀਆਂ ਸਦੀਆਂ ਵਿਚ, ਸਾਰਵਿਲੌਕਿਕ ਪਖੋਂ, ਬੰਦਿਆਂ ਦੀਆਂ ਸੋਚਪ੍ਰਣਾਲੀਆਂ ਵਿਚ ਅਨਗਿਣਤ ਤਬਦੀਲੀਆਂ ਹੋਈਆਂ, ਪਰ ਉਹ ਮਨੁਸ਼ੀ ਵੰਡੀਆਂ, ਜਿਹੜੀਆਂ ਇਕ ਤਾਂ ਚਾਰ-ਵਰਣ-ਵਾਲਿਆਂ ਵਿਚ ਆਪਸ ਦੀਆਂ ਹਨ, ਅਤੇ ਦੂਜੀਆਂ ਉਹ ਜਿਹੜੀਆਂ ਇਨ੍ਹਾਂ ਵਿਚ ਅਤੇ ਅਵਰਣਾਂ ਵਿਚਲੀਆਂ ਹਨ, ਓਹ ਉਵੇਂ ਹੀ ਚਲੀਆਂ ਆ ਰਹੀਆਂ ਹਨ ॥ ਹਿੰਦੂ ਧਰਮ, ਪ੍ਰਭੂ ਦੇ ਪੈਦਾ ਕੀਤੇ ਹੋਇ ਇਨਸਾਨਾਂ ਨੂੰ ਬਰਾਬਰੀ ਦੇਣੋਂ ਤਦਨ ਅਸਮਰੱਥ ਰਿਹਾ ਹੈ ॥

ਸਾਰੀ ਸ੍ਰਿਸ਼ਟੀ ਦਾ ਇਕੋ ਸਿਰਜਣਹਾਰ ਮੰਨਣ ਦੀ ਬਜਾਇ ਬੇਸ਼ੁਮਾਰ ਦੇਵੀ ਦੇਵਤਿਆਂ ਦਾ ਅਧਿਕਾਰ ਮਿਥ ਲਿਆ ਗਿਆ ਹੈ, ਅਤੇ ਅਨੇਕਾਂ ਹੀ ਤਰੀਕਿਆਂ ਨਾਲ ਉਨ੍ਹਾਂ ਵਿਚੋਂ ਇਕ ਨੂੰ ਪ੍ਰਮੁਖ

ਦੇ ਤੌਰ ਤੇ, ਜਾਂ ਕਈਆਂ ਦੀ ਪੂਜਾ ਨੂੰ ਹੀ ਜੀਵਨ ਦੀ ਪਰਮਗਤੀ ਦਾ ਸਾਧਨ ਮੰਨ ਲਿਆ ਹੋਇਆ ਹੈ ॥ ਨਤੀਜਾ ਇਹ ਹੈ ਕਿ ਅੱਜ ਦੇ ਜ਼ਮਾਨੇ ਵਿਚ ਵੀ ਹਿੰਦੁਸਤਾਨ ਵਿਚ ਕਰੋੜਾਂ ਦੀ ਤਾਦਾਦ ਵਿਚ ਮੂਰਤੀਆਂ ਸਥਾਪਤ ਹਨ, ਅਤੇ ਉਨ੍ਹਾਂ ਨੂੰ ਨੁਹਾਉਣਾ, ਗਹਿਣਿਆਂ ਨਾਲ ਸਜਾਉਣਾ, ਭੋਗ ਲਗਾਉਣਾ, ਅਤੇ ਜਲੂਸ ਕਢਣੇ, ਮਨਜ਼ੂਰਸ਼ੁਦਾ ਕਾਰਜ ਹਨ ॥ ਬੜੀ ਵੱਡੀ ਮਾਤਰਾ ਵਿਚ ਭਾਰਤ ਦੀ ਲੋਕਾਈ ਇਸ ਪੂਜਾ ਤੋਂ ਉਪਰ ਨਹੀਂ ਉਠ ਸਕੀ ॥ ਇਸਦੇ ਨਾਲ ਹੀ ਨਾਲ ਉਹ ਹਿੰਦੁਸਤਾਨੀ ਭੀ ਕਰੋੜਾਂ ਦੀ ਗਿਣਤੀ ਵਿਚ ਹਨ, ਜਿਨ੍ਹਾਂ ਨੂੰ ਤਾਂ ਮੰਦਰਾਂ ਵਿਚ ਦਾਖ਼ਲ ਹੋਣ ਤੋਂ ਹੀ ਮਨਾਹੀ ਚਲੀ ਆ ਰਹੀ ਹੈ, ਸੋ ਉਨ੍ਹਾਂ ਦੇ ਕਲਿਆਣ ਦਾ ਤਾਂ ਕੋਈ ਸਾਧਨ ਉੱਕਾ ਹੀ ਨਹੀਂ ਬਣਿਆ ॥

ਕਈ ਸਦੀਆਂ ਗੁਜ਼ਰਨ ਦੇ ਬਾਦ, ਹਿੰਦੂ ਧਰਮ ਦੀ ਸਖ਼ਤ ਵਿਰੋਧਤਾ (ਪ੍ਰੋਟੈਸਟ) ਵਜੋਂ, ਬੁਧ ਧਰਮ ਵਜੂਦ ਵਿਚ ਆਇਆ ਸੀ ॥ ਭਾਰਤ ਦੀਆਂ ਨੀਵੀਆਂ ਜਾਤਾਂ ਲਈ ਇਹ ਧਰਮ ਬੜਾ ਹੀ ਕਲਿਆਣਕਾਰੀ ਸਾਬਤ ਹੋਇਆ ਅਤੇ ਕੋਈ ੬੦੦-੭੦੦ ਸਾਲ ਖ਼ਾਸੀ ਪ੍ਰਫੁੱਲਤਾ ਵਿਚ ਗੁਜ਼ਰੇ ॥ ਅੰਤ ਨੂੰ, ਬ੍ਰਾਹਮਣਵਾਦ ਨੇ ਲੋਕਾਈ ਤੇ ਮੁੜ ਗ਼ਲਬਾ ਪਾ ਲਿਆ, ਅਤੇ ਬੁਧ ਧਰਮ ਨੂੰ ਸਦਾ ਲਈ ਹਿੰਦੁਸਤਾਨ ਤੋਂ ਬਾਹਰ ਕੱਢ ਦਿੱਤਾ ॥ ਹਿੰਦੂਆਂ ਦੀਆਂ ਉਹੀ ਜਾਤ ਪਾਤ ਅਤੇ ਵਰਣ ਅਵਰਣ ਵਾਲੀਆਂ ਵੰਡੀਆਂ ਫੇਰ ਪੈ ਗਈਆਂ, ਤੇ ਇਤਨੀਆਂ ਕਰੜੀਆਂ ਹੋ ਗਈਆਂ ਕਿ ਸਦੀਆਂ ਬੀਤਣ ਤੇ ਵੀ ਲਹਿਣ ਵਿਚ ਨਹੀਂ ਆਉਂਦੀਆਂ ॥

ਉਪਰ ਦਿਤੇ ਧਰਮਾਂ ਦੇ ਮੋਟੇ ਮੋਟੇ ਅਸੂਲ ਅਤੇ ਰਵਾਜਾਂ ਨੂੰ ਜ਼ਰਾ ਘੋਖੀਏ ਤਾਂ ਇਹ ਗਲਾਂ ਪਰਤੀਤ ਹੁੰਦੀਆਂ ਹਨ ਕਿ:-

ਸਾਰਅੰਸ਼

੧. ਰੱਬ, ਜਾਤੀ - ਸਬੰਧੀ (National) ਹੈ ॥

੨. ਸੁੱਨਤ ਕਰਨੀ ਲਾਜ਼ਮੀਂ ਹੈ ॥

੩. ਜਾਨਵਰ ਦਾ ਮਾਸ ਖਾਣ ਵੇਲੇ ਜਾਨਵਰ ਜਾਨਵਰ ਵਿਚ ਵਿਤਕਰਾ ਕਰਣਾ ਜ਼ਰੂਰੀ ਹੈ ॥

੪. ਖਾਣ ਵਾਲੇ ਜਾਨਵਰ ਨੂੰ ਕੁਹਕ (ਹਲਾਲ ਜਾਂ ਕੋਸ਼ਰ) ਤ੍ਰੀਕੇ ਨਾਲ ਮਾਰਨਾ ਲਾਜ਼ਮੀਂ ਹੈ ॥

੫. ਸੰਸਾਰ ਭੈੜੀਆਂ ਰੂਹਾਂ ਨਾਲ ਭਰਿਆ ਹੋਇਆ ਹੈ, ਇਸ ਲਈ ਮੰਤ੍ਰ ਪੜ੍ਹਨੇ ਲਾਜ਼ਮੀਂ ਹਨ ॥

੬. Doomsday, day of judgement, ਕਯਾਮਤ ਵੇਲੇ ਮੁਰਦੇ ਆਪੋ ਆਪਣਾ ਹਿਸਾਬ ਦੇਣ ਵਾਸਤੇ ਉਠਕੇ ਖੜੇ ਹੋਣਗੇ ॥

੭. ਰੱਬ ਦੀ ਖਿਲਾਫੀ ਕਰਨ ਲਈ ਸ਼ੈਤਾਨ ਜਾਂ ਅਹਿਰੇਮਾਨ ਹੁੰਦਾ ਹੈ ॥

੮. ਪ੍ਰਮਾਤਮਾ ਦਾ ਮਨੁਖੀ ਪੁਤਰ, ਜਾਂ ਮਨੁਖੀ ਅਵਤਾਰ ਹੁੰਦੇ ਹਨ ॥

੯. ਪ੍ਰਮਾਤਮਾ ਦੀ ਰਹਿਮਤ ਅਤੇ ਬਰਕਤ ਸਿਰਫ ਉਨ੍ਹਾਂ ਬੰਦਿਆਂ ਉਪਰ ਹੋਵੇਗੀ ਜਿਹੜੇ ਉਸ ਖਾਸ ਧਰਮ ਦੇ ਪੈਰੋਕਾਰ ਹੋਣਗੇ (ਸੋ ਬਾਕੀ ਸਭ ਵਾਂਝੇ ਹੀ ਰਹਿਣਗੇ) ॥

੧੦. ਬਰਤ ਜਾਂ ਰੋਜ਼ੇ ਰਖਣੇ ਲਾਜ਼ਮੀ ਹਨ ॥

੧੧. ਕਈ ਰੂਹ ਜਾਂ ਰੱਬ ਦੀ ਹੋਂਦ ਤੋਂ ਮੁਨਕਰ ਹਨ ॥

੧੨. ਰਬ ਨੂੰ ਛਡਕੇ, ਮੂਰਤੀਆਂ, ਅੱਗ, ਵਗੈਰਾ ਵਿਚ ਵਿਸ਼ਵਾਸ ਰਖਦੇ ਹਨ ॥

੧੩. ਮਨੁਖਾਂ ਵਿਚ ਵੰਡੀਆਂ ਪਾਉਣੀਆਂ ਅਤੇ ਵਿਤਕਰਾ ਰਖਿਆ ਜਾਂਦਾ ਹੈ ॥

੧੪. ਕਈ ਧਰਮ ਤਾਂ ਸਿਰਫ ਇਕ ਜ਼ਾਤ-ਪਾਤੀ ਕਰਮਕਾਂਡ, ਅਤੇ ਦੇਵੀ ਦੇਵਤਿਆਂ ਦੀ ਪੂਜਾ ਦਾ ਸੰਗ੍ਰਿਹ ਹੀ ਬਣ ਕੇ ਚਲੇ ਜਾ ਰਹੇ ਹਨ ॥

੧੫. ਰੱਬ ਨੇ ਛਿਆਂ ਦਿਨਾਂ ਵਿਚ ਜਾਂ ਹੋਰ ਕਥਿਤ ਤ੍ਰੀਕੇ ਨਾਲ ਸ੍ਰਿਸ਼ਟੀ ਦੀ ਸਾਜਨਾ ਕੀਤੀ ਹੈ ॥

ਸਿਖ

ਉਨ੍ਹਾਂ ਧਰਮਾਂ ਨੂੰ ਛਡਕੇ (ਜਿਹੜੇ ਪ੍ਰਮਾਤਮਾਂ ਦੀ ਹੋਂਦ ਜਾਂ ਰੂਹ ਤੋਂ ਹੀ ਮੁਨਕਰ ਹਨ), ਸਿਖ ਧਰਮ ਉਨ੍ਹਾਂ ਧਰਮਾਂ ਦੀ ਸੋਚ ਦੇ ਅਨੁਕੂਲ ਹੈ, ਜਿਹੜੇ ਕਰਤੇ ਨੂੰ ਮੰਨਦੇ ਹਨ ॥ ਸਿਖ ਧਰਮ ਕਰਤੇ ਨੂੰ Universal ਮੰਨਦਾ ਹੈ, ਕਿਸੇ ਤਰ੍ਹਾਂ ਭੀ ਉਸਦੀ ਹੋਂਦ ਨੂੰ ਸੀਮਤ ਨਹੀਂ ਕਰਦਾ ॥

ਗੁਰੂ ਅਰਜਨ ਦੇਵਜੀ ਦਾ ਇਹ ਫੁਰਮਾਨ ਵਰਣ ਅਤੇ ਅਵਰਣ ਵਾਲੇ ਧਰਮ ਨੂੰ ਨਹੀਂ ਪੁਗਿਆ :

<u>ਬਿਲਾਵਲ ਮਹਲਾ : ੫, ਛੰਤ</u>

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ, ਏਕੁ ਏਕੁ ਵਖਾਣੀਐ ॥

ਆਤਮ ਪਸਾਰਾ ਕਰਣਹਾਰਾ, ਪ੍ਰਭ ਬਿਨਾ ਨਹੀ ਜਾਣੀਐ ॥ (ਪੰਨਾ ੮੪੬)

ਗੁਰੂ ਨਾਨਕ ਦੇਵ ਜੀ ਨੇ ੨੨ ਸਾਲ ਪ੍ਰਦੇਸ ਯਾਤਰਾ ਕਰਕੇ, ਸਿੱਖ ਧਰਮ ਦਾ ਪ੍ਰਚਾਰ ਪੰਜਾਬ ਤੋਂ ਬਾਹਰ ਹਿੰਦੁਸਤਾਨ ਵਿਚ, ਅਤੇ ਪ੍ਰਦੇਸੀ ਮੁਲਕਾਂ ਵਿਚ ਕੀਤਾ, ਸੋ ਉਨ੍ਹਾਂ ਨੂੰ ਹੋਰਨਾਂ ਧਰਮ ਪ੍ਰਣਾਲੀਆਂ ਦਾ ਖਾਸਾ ਗਿਆਨ ਹੋ ਗਿਆ ॥ ਇਹ ਕੋਈ ਛੋਟੀ ਜਿਹੀ ਗਲ ਨਹੀਂ ਹੈ, ਕਿ ਗੁਰੂ ਨਾਨਕ ਦੇਵ ਜੀ ਦੇ ਧਰਮ ਦੇ ਅਸੂਲ ਜਿਹੜੇ ਉਨ੍ਹਾਂ ਨੇ ਸ਼ੁਰੂਆਤ ਵਿਚ ਨਿਰਧਾਰਿਤ ਕੀਤੇ ਸਨ, ਉਹੀ ਅਸੂਲ ਜ਼ਿਆਦਾ ਤੋਂ ਜ਼ਿਆਦਾ ਪ੍ਰਪੱਕਤਾ ਦੇ ਨਾਲ, ਨਾ ਸਿਰਫ਼ ਉਨ੍ਹਾਂ ਦੀ ਆਪਣੀ ਹਿਯਾਤ ਵਿਚ ਹੀ, ਬਲਕਿ ਉਨ੍ਹਾਂ ਦੇ ੯ ਜਾਂਨਸ਼ੀਨਾਂ ਦੀਆਂ ਅਵੱਸਥਾਵਾਂ ਵਿਚ ਵੀ, ਬੜੀ ਲਗਨ ਅਤੇ ਸ਼ਰਧਾ ਨਾਲ ਪ੍ਰਚਾਰੇ ਜਾਂਦੇ ਰਹੇ, ਅਤੇ ਸਾਰਾ ਸਿੱਖ ਜਗਤ ਉਨ੍ਹਾਂ ਉਪਰ ਦ੍ਰਿੜ੍ਹ ਵਿਸ਼ਵਾਸ ਨਾਲ ਤੁਰਿਆ ਜਾਂਦਾ ਰਿਹਾ, ਅਤੇ ਹੁਣ ਭੀ ਜਾ ਰਿਹਾ ਹੈ ॥

ਮੂਲ ਮੰਤ੍ਰ ਵਿਚ ਗੁਰੂ ਨਾਨਕ ਦੇਵ ਜੀ ਨੇਂ ਇਨ੍ਹਾਂ ਸਾਰੇ ਧਰਮਾਂ ਤੋਂ ਵੱਖਰੀ, ਪਰ ਸਪੱਸ਼ਟ ਅੱਖਰਾਂ ਵਿਚ, ਉਸ ਪਰਮਾਤਮਾ ਦੀ ਤਸ਼ਰੀਹ ਅੰਕਤ ਕੀਤੀ ਹੈ, ਜਿਸਨੂੰ ਓਹ ਆਪ ਪੂਜਦੇ ਸਨ, ਅਤੇ ਸਾਰੀ ਲੋਕਾਈ ਨੂੰ ਉਸੇ ਇਕ ਨੂੰ ਹੀ ਪੂਜਣ ਦੀ ਪ੍ਰੇਰਣਾ ਦਿੰਦੇ ਹਨ : -

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈਭੰ ॥

ਸਿੱਖ ਧਰਮ ਦੀ ਮੁਖ ਪ੍ਰੇਰਨਾ ਵਾਹਿਗੁਰੂ ਦੇ ਸਿਮਰਨ ਉੱਤੇ ਹੈ :

"ਸਿਮਰਨ" ਵਾਸਤੇ ਜੀਵ ਨੂੰ ਸਕੂਲ, ਕਾਲਜ, ਅਥਵਾ ਯੁਨੀਵਰਸਿਟੀ ਵਿਚ ਜਾਕੇ ਵਿਦਿਆ ਹਾਸਲ ਕਰਨ ਦੀ ਲੋੜ ਨਹੀਂ ਹੈ ॥ ਇਹ ਜ਼ਰੂਰੀ ਨਹੀਂ ਹੈ, ਕਿ ਕਿਸੇ ਸ਼ਬਦ ਨੂੰ ਜਾਂ ਸਾਰੀ ਗੁਰਬਾਣੀ ਨੂੰ ਪੜ੍ਹਨ ਨਾਲ ਹੀ ਸਿਮ੍ਰਨ ਹੋ ਸਕਦਾ ਹੈ॥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਤੇ ਦਸਮ ਗ੍ਰੰਥ ਵਿਚ, ਕਰਤੇ ਲਈ ਹਜ਼ਾਰਾਂ ਹੀ ਨਾਮ ਵਰਤੇ ਹਨ ॥ ਸਿਮਰਨ ਵਾਸਤੇ ਕਿਸੇ ਇਕ ਨਾਮ ਨੂੰ ਲੈਕੇ ਆਪਣੀ

ਅਥਾਹ ਸ਼ਰਧਾ ਅਤੇ ਪਿਆਰ ਦਾ ਵਰਤਨ ਕੀਤਾ ਜਾ ਸਕਦਾ ਹੈ ॥ ਮਿਸਾਲ ਦੇ ਤੌਰ ਉਤੇ "ਵਾਹਿਗੁਰੂ' ਸ਼ਬਦ ਦੇ ਉਚਾਰਨ ਨਾਲ ਮਨ ਵਿਚ ਕਰਤੇ ਦਾ ਉਹ ਪਿਆਰ ਉਭਰ ਕੇ ਮਨ ਅਤੇ ਸ੍ਰੀਰ ਦੀਆਂ ਇੰਦ੍ਰੀਆਂ ਉਤੇ ਉਕਰ ਜਾਂਦਾ ਹੈ, ਜਿਵੇਂ ਸਚੀਂ ਮੁਚੀਂ ਹੀ ਬੰਦਾ ਪ੍ਰਮਾਤਮਾਂ ਦੀ ਦਰਗਾਹ ਵਿਚ ਬੈਠਾ ਹੋਵੇ, ਅਤੇ ਅੰਦਰ ਅਤੇ ਆਲੇ ਦੁਆਲੇ ਉਸੇ ਇਕ ਦਾ ਹੀ ਪ੍ਰਸਾਰਾ ਅਨੁਭਵ ਕਰ ਰਿਹਾ ਹੋਵੇ ॥ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ: -

ਗਉੜੀ ਕੀ ਵਾਰ ਮਹਲਾ : ੪

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ, ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸ ਗੁਰਬਾਨੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ, ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ, ਤਿਸ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖੁ ਕੀ, ਜੋ ਆਪਿ ਜਪੈ, ਅਵਰਹ ਨਾਮੁ ਜਪਾਵੈ ॥੨॥
ਪੰਨਾ ੩੦੫

(ਅੰਮ੍ਰਿਤ ਸਰਿ = ਨਾਮ ਦਾ ਸਰੋਵਰ)

"ਸੁ ਭਲਕੇ ਉਠਿ ਹਰਿ ਨਾਮ ਧਿਆਵੈ" ਲਿਖਣ ਨਾਲ, ਗੁਰੂ ਜੀ ਨੇ ਆਗਿਆ ਕੀਤੀ ਹੈ, ਕਿ "ਚੜੈ ਦਿਵਸੁ ਗੁਰਬਾਣੀ ਗਾਵੈ" ਦਾ ਸਮਾ ਆਉਣ ਤਾਂਈ ਜੀਵ ਉਸ ਪ੍ਰਮਾਤਮਾ ਦਾ ਸਿਮਰਨ ਨਾਮ ਲੈ ਲੈ ਕੇ ਆਪਣੀ ਸ਼ਰਧਾ, ਪ੍ਰੇਮ, ਅਤੇ ਉਸਦੇ ਹੁਕਮ ਵਿਚ ਰਹਿਣ ਦਾ ਅਭਿਆਸ ਕਰੇ ॥

ਰਾਗ ਗਉੜੀ ਮਹਲਾ : ੫ (ਸਖਮਨੀ ਸਾਹਿਬ)

ਸਿਮਰੌ ਸਿਮਰਿ ਸਿਮਰਿ ਸੁਖ ਪਾਵਉ, ਕਲ ਕਲੇਸ ਤਨ ਮਾਹਿ ਮਿਟਾਵਉ ॥ ਪੰਨਾ ੨੬੨

ਸਿਮਰਨ ਕਰਨ ਵਾਲੇ ਨੂੰ ਪਤਾ ਹੋਣਾ ਚਾਹੀਦਾ ਹੈ, ਕਿ ਕਿਸ ਸ਼ਕਤੀ ਦੀ ਸਿਮਰਨਾ ਕਰਨੀ ਹੈ ॥ ਮੂਲ ਮੰਤ੍ਰ ਨੂੰ ਗੁਰੂ ਜੀ ਨੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਅੰਕਤ ਕਰ ਕੇ ਇਹ ਸਪੱਸ਼ਟ ਕਰ ਦਿੱਤਾ ਕਿ ਉਸ ਵਾਹਿਗੁਰੂ ਦੀ ਤਸ਼ਰੀਹ ਕੀ ਹੈ, ਅਤੇ ਉਸਦਾ ਵਜੂਦ ਕੀ ਹੈ ॥ ਅਗੇ "ਗੁਰ ਪ੍ਰਸਾਦਿ" ਲਿਖਣ ਨਾਲ ਇਹ ਦਸ ਦਿਤਾ ਕਿ ਗੁਰਾਂ ਦੀ ਕਿਰਪਾ ਨਾਲ ਗੁਰਬਾਣੀ ਰਾਹੀਂ ਉਸ ਯਾਅਨੀ ਵਾਹਿਗੁਰੂ ਦੀ ਪ੍ਰਾਪਤੀ ਦਾ ਸਾਧਨ ਲਭਿਆ ਜਾ ਸਕਦਾ ਹੈ ॥ ਇਸ ਪਰਮਾਤਮਾ ਨੂੰ, ਗੁਰੂ ਜੀ ਨੇ, ਇਕ ਜੰਮਣ-ਮਰਨ ਵਾਲੇ ਇਨਸਾਨ ਦਾ ਜਨ - ਸਬੰਧੀ (ਬਾਇਓਲੌਜੀਕਲ) ਪਿਤਾ ਕਬੂਲ ਨਹੀਂ ਕੀਤਾ, ਅਤੇ ਨਾ ਹੀ ਇਕ ਜਾਤੀ-ਸਬੰਧੀ (ਅਥਵਾ ਧਰਮ-ਰਖਿਯਕ) ਦੇ ਤੌਰ ਤੇ ਹੀ ਸੀਮਤ ਕੀਤਾ ਹੈ ॥ ਮੂਲ ਮੰਤ੍ਰ ਵਾਲੇ ਪਰਮਾਤਮਾਂ ਨੂੰ ਉਨਾਂ ਨੇਂ ਵੱਖੋ ਵੱਖਰੇ ਮੁਲਕਾਂ ਵਿਚ, ਇਨਸਾਨੀ ਜਾਮੇ ਵਿਚ ਰਬ-ਹਸਤੀ ਬਣਿਆ ਵੀ ਤਸਲੀਮ ਨਹੀਂ ਕੀਤਾ ॥ ਮੂਰਤੀ ਜਾਂ ਬਿੰਬਾਵਲੀ ਰਾਹੀਂ ਰੱਬੀ-ਸਰੂਪ ਸਥਾਪਤ ਕਰਨ ਦੀ ਤਾਂ ਉਨ੍ਹਾਂ ਦੇ ਫਲਸਫੇ ਵਿਚ ਕੋਈ ਗੁੰਜਾਇਸ਼ ਹੀ ਨਹੀਂ ਹੈ ॥ ਇਸ ਪਰਮਾਤਮਾ ਦੇ ਬਰਾਬਰ ਹੋਰ ਕੋਈ

ਨਹੀਂ ਹੈ ਅਤੇ ਨਾ ਹੋ ਹੀ ਸਕਦਾ ਹੈ ॥ ਇਸ ਲਈ ਕਿਸੇ ਰੱਬ-ਵੈਰੀ (ਸ਼ੇਤਾਨ - ਅਹਿਰੇਮਾਨ) ਜਾਂ ਉਪ-ਰੱਬ ਦੀ ਹੋਂਦ ਲਈ ਸਿੱਖ ਧਰਮ ਵਿਚ ਕੋਈ ਥਾਂ ਨਹੀਂ ਹੈ॥

ਲਉ ਆਪਾਂ ਜ਼ਰਾ ਗੁਰੂ ਸਾਹਿਬਾਂਨ ਦੇ ਵਿਚਾਰਾਂ ਵਲ ਧਿਆਨ ਦੇਈਏ :-

<u>ਵਾਰ ਗਉੜੀ ਮਹਲਾ : ੪, (ਪਉੜੀ)</u>

ਤੂੰ ਆਪੇ ਆਪਿ ਨਿਰੰਕਾਰੁ ਹੈ ਨਿਰੰਜਨ ਹਰਿ ਰਾਇਆ॥ ....ਤੇਰਾ ਸਰੀਕੁ ਕੋ ਨਾਹੀ ਜਿਸ ਨੋ ਲਵੈ ਲਾਇ ਸੁਣਾਇਆ ॥ ਪੰਨਾ ੩੬੧

(ਹੇ ਪਰਮਾਤਮਾ, ਤੂੰ ਸਰਵ-ਵਿਆਪਕ, ਅਕਾਰ-ਰਹਿਤ ਅਤੇ ਮਾਇਆ ਦੇ ਪ੍ਰਭਾਵ ਤੋਂ ਬਾਹਰ ਹੈਂ ॥ ..... ਤੇਰਾ ਸਰੀਕ ਕੋਈ ਨਹੀਂ ਹੈ, ਜਿਸਨੂੰ ਤੇਰੀ ਬਰਾਬਰੀ ਦੀ ਤੁਲਨਾ ਦੇ ਕੇ ਤੇਰੇ ਵਰਗਾ ਕਹਿ ਸਕੀਏ॥) .....

ਗੁਰੂ ਅਮਰਦਾਸ ਜੀ ਭੀ ਇਸੇ ਫਲਸਫੇ ਦੀ ਪ੍ਰੋੜਤਾ ਕਰਦੇ ਹਨ :-

<u>ਵਾਰ ਵਡਹੰਸ ਮਹਲਾ : ੩</u>

ਤਿਸ ਕਾ ਸਰੀਕੁ ਕੋ ਨਹੀਂ, ਨਾ ਕੋ ਕੰਟਕੁ ਵੈਰਾਈ ॥ ਪੰਨਾ ੫੯੨

ਅਗੇ ਚਲਕੇ, ਗੁਰੂ ਨਾਨਕ ਦੇਵ ਜੀ ਸਿਰਜਣਹਾਰ ਨੂੰ ਇਸ ਤਰ੍ਹਾਂ ਪੇਸ਼ ਕਰਦੇ ਹਨ:

<u>ਸੋਰਠ ਮ : ੧</u>

ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ ॥ ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ॥ ੧ ॥ ਸਾਚੇ ਸਚਿਆਰ ਵਿਟਹੁ ਕੁਰਬਾਣੁ ॥ ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ ॥ ਰਹਾਉ ॥ ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ ॥ ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ ॥ ੨ ॥ ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥ ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥ ੩ ॥ ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ ॥ ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ ॥ ੪ ॥ ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥ ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ ॥ ੫ ॥ ੬ ॥ (ਪੰ: ੫੯੭)

ਪ੍ਰਾਣੀ ਦੀ ਪ੍ਰਮਾਤਮਾਂ ਉਪਰ ਨਿਰਭਰੀ ਨੂੰ ਸਾਹਿਬ ਇਸ ਤਰ੍ਹਾਂ ਦਸਦੇ ਹਨ:

<u>ਸੋਰਠ ਮ : ੧</u>

ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ॥ ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ॥ ੧ ॥ ਘਟਿ ਘਟਿ ਰਵਿ ਰਹਿਆ ਬਨਵਾਰੀ ॥ ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ ॥ ਮਰਤ ਪਇਆਲ ਅਕਾਸੁ ਦਿਖਾਇਓ ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ ॥ ਸੋ ਬ੍ਰਹਮੁ ਅਜੋਨੀ ਹੈ ਭੀ ਹੋਸੀ ਘਟ ਭੀਤਰਿ ਦੇਖੁ ਮੁਰਾਰੀ ਜੀਉ॥ ੨ ॥ ਜਨਮ ਮਰਨ ਕਉ ਇਹੁ ਜਗੁ ਬਪੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥ ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ ॥ ੩ ॥ ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥ ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥ ੪ ॥ ੮ ॥ (ਪੰ:੫੯੮)

ਜੀਵਨ ਦਾ ਮੰਨਤਵ

ਪ੍ਰਾਣੀ ਦਾ ਇਸ ਜਗ ਵਿਚ ਆਉਣ ਦਾ ਮੰਨਤਵ ਸਮਝਾਉਂਦੇ ਹੋਏ ਗੁਰੂ ਜੀ ਆਖਦੇ ਹਨ:

ਸੋਰਠ ਮ : ੧

ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥ ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥ ੧ ॥ ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥ ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥ ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ ॥ ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥ ੨ ॥ ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥ ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ॥ ੩ ॥ ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥ ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ ॥ ੪ ॥ ੯ ॥ (ਪੰ: ੫੯੮)

ਸਾਹਿਬ ਬੰਦੇ ਦੀ ਪ੍ਰਮਾਤਮਾ ਤੋਂ ਵਾਂਜੇ ਰਹਿੰਦੇ ਹੋਏ ਦੀ ਹਾਲਤ ਇਸ ਤਰ੍ਹਾਂ ਦਰਸਾਂਉਂਦੇ ਹਨ : -

ਸੋਰਠ ਮ : ੧

ਜਿਉ ਮੀਨਾ ਬਿਨੁ ਪਾਣੀਐ ਤਿਉ ਸਾਕਤੁ ਮਰੈ ਪਿਆਸ ॥ ਤਿਉ ਹਰਿ ਬਿਨੁ ਮਰੀਐ ਰੇ ਮਨਾ ਜੋ ਬਿਰਥਾ ਜਾਵੈ ਸਾਸੁ ॥ ੧ ॥ ਮਨ ਰੇ ਰਾਮ ਨਾਮ ਜਸੁ ਲੇਇ ॥ ਬਿਨੁ ਗੁਰ ਇਹੁ ਰਸੁ ਕਿਉ ਲਹਉ ਗੁਰੁ ਮੇਲੈ ਹਰਿ ਦੇਇ ॥ ਰਹਾਉ ॥ ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ ॥ ਅਠਸਠਿ ਤੀਰਥ ਮਜਨਾ ਗੁਰ ਦਰਸੁ ਪਰਾਪਤਿ ਹੋਇ ॥ ੨ ॥ ਜਿਉ ਜੋਗੀ ਜਤ ਬਾਹਰਾ ਤਪੁ ਨਾਹੀ ਸਤੁ ਸੰਤੋਖੁ ॥ ਤਿਉ ਨਾਮੈ ਬਿਨੁ ਦੇਹੁਰੀ ਜਮੁ ਮਾਰੈ ਅੰਤਰਿ ਦੋਖੁ ॥ ੩ ॥ ਸਾਕਤ ਪ੍ਰੇਮੁ ਨ ਪਾਈਐ ਹਰਿ ਪਾਈਐ ਸਤਿਗੁਰ ਰਾਇ ॥ ਸੁਖ ਦੁਖ ਦਾਤਾ ਗੁਰੁ ਮਿਲੈ ਕਹੁ ਨਾਨਕ ਸਿਫਤਿ ਸਮਾਇ ॥ ੪ ॥ ੭ ॥ (ਪੰ: ੫੯੮)

ਆਸਾ ਮਹਲਾ : ੫

ਭਈ ਪਰਾਪਤਿ ਮਾਨੁਖ ਦੇਹੁਰੀਆ, ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ..... ਪੰਨਾ ੧੨

ਅਰਥਾਤ : (ਸੋ ਪ੍ਰਭੂ ਨੇ ਆਪਣੀ ਅਪਾਰ ਕ੍ਰਿਪਾ ਦੁਆਰਾ, ਮਨੁਸ਼ ਨੂੰ ਇਸ ਦੇਹੀ ਦੀ ਬਖ਼ਸ਼ਿਸ਼ ਇਸ ਲਈ ਕੀਤੀ ਹੈ, ਕਿ ਜਿਹੜੀਆਂ ਤਿੰਨ ਖਾਸ ਯੋਗਤਾਵਾਂ ਇਸਨੂੰ ਹੋਰ ਜੀਵਾਂ ਤੋਂ ਅਧਿਕ ਪ੍ਰਦਾਨੀਆਂ ਹਨ: ਜਿਹਾ ਕਿ ਵਿਚਾਰ ਸ਼ਕਤੀ (ਰੀਜ਼ਨਿੰਗ), ਸੰਚਾਰ ਸ਼ਕਤੀ (ਕਮਿਊਨੀਕੇਸ਼ਨ) ਅਤੇ ਸੁਤੰਤਰ ਸੰਕਲਪ-ਸ਼ਕਤੀ (ਫਰੀ ਵਿਲ), ਇਨ੍ਹਾਂ ਦੁਆਰਾ ਹੀ ਜੀਵ ਆਪਣੇ ਸਿਰਜਨਹਾਰ ਦੀ ਹੋਂਦ, ਅਤੇ ਰਚਨਾ ਦਾ ਅਨੁਭਵ ਹਾਸਲ ਕਰਨ ਹਿਤ ਆਪਣੀ ਜੀਵਨੀ ਦਾ ਸਮਾਂ ਬੀਤਾਵੇ ॥ ਗੁਰੂ ਸਾਹਿਬਾਨ ਨੇ ਮਨੁਸ਼ ਦੇ ਇਸ ਮਾਰਗ ਵਿਚ ਸੰਪੂਰਨਤਾ ਹਾਸਲ ਕਰਨ ਲਈ ਸਾਧਨ ਵੀ ਗੁਰਬਾਣੀ ਵਿਚ ਬੜੇ ਵਿਸਥਾਰ ਨਾਲ ਅੰਕਤ ਕਰ ਦਿਤੇ ਹਨ, ਜਿਨ੍ਹਾਂ ਦੇ ਅਭਿਆਸ ਨਾਲ ਮਨੁਸ਼ ਨੂੰ ਆਵਾਗਵਣ ਤੋਂ ਸਦੀਵੀ ਛੁਟਕਾਰਾ ਮਿਲ ਸਕੇ ॥)

ਚੂੰਕਿ ਸਿੱਖ ਧਰਮ ਅਨੁਸਾਰ, ਮਨੁਖਾ ਜਨਮ, ਪ੍ਰਭੂ ਦੀ ਇਕ ਵਡਮੁਲੀ ਬਖਸ਼ਿਸ਼ ਹੈ, ਜਿਸ ਵਿਚ ਉਸਨੇ ਆਪਣੀ ਜੋਤ ਦੀ ਕਿਰਨ ਸੁਭਾਇਮਾਨ ਕੀਤੀ ਹੈ, ਅਤੇ ਐਸੇ ਪੁਰਅਸਰ ਸਾਧਨ ਅਰਪਨ ਕੀਤੇ ਹਨ, ਜਿਨ੍ਹਾਂ ਦੁਆਰਾ ਜੀਵ ਨੂੰ ਇਤਨੀ ਤਰੱਕੀ ਕਰਨ ਦੀ ਸਮਰਥਾ ਅਤੇ ਅਵਸਰ ਦਿੱਤੇ ਹਨ, ਕਿ ਉਹ ਆਪਣੇ ਕਰਤਾ ਦੀ ਜੋਤਿ ਵਿਚ ਆਪਣੀ ਵਿਰੋਸਾਈ ਹੋਈ ਕਿਰਣ-ਜੋਤਿ ਨੂੰ ਸਮਾ ਦੇਵੇ, ਅਤੇ

ਆਪ ਸਦੀਵੀ ਤੌਰ ਤੇ ਆਵਾ-ਗਵਣ ਤੋਂ ਛੁਟਕਾਰਾ ਪਾ ਲਵੇ ॥ ਇਕ ਸਧਾਰਨ ਪੁਰਸ਼ ਲਈ ਸਫਲਤਾ ਸਹਿਤ ਇਸ ਸਿਖਰ-ਬਿੰਦੂ ਅਵਸਥਾ ਨੂੰ ਹਾਸਲ ਕਰ ਲੈਣਾ ਕੋਈ ਸੁਖਾਲੀ ਗੱਲ ਨਹੀਂ ਹੈ, ਪਰ ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਨੇ ਹਰ ਪ੍ਰਾਣੀ ਲਈ ਚਾਰ ਖੰਡਾਂ ਦੇ ਮਾਰਗ ਤੇ ਤੁਰਨ ਨਾਲ ਉਸ ਈਸ਼ਵਰੀ ਜੋਤਿ ਵਿਚ ਸਮਾ ਜਾਣ ਦੀ ਸਮਰਥਾ ਵੀ ਦਰਸਾ ਦਿੱਤੀ ਹੈ ॥ ਉਂਝ ਤਾਂ ਅਸੀਂ ਹਰ ਰੋਜ਼ ਹੀ ਪੜ੍ਹਦੇ ਹਾਂ, ਪਰ ਆਉ ਜ਼ਰਾ ਗਹੁ ਨਾਲ ਫੇਰ ਦੇਖ ਲਈਏ ਕਿ ਇਹ ਪੰਜ ਖੰਡ ਕੀ ਹਨ, ਜਿਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਫੇਰ ਕਿਤੇ ਨਹੀਂ ਦੁਹਰਾਇਆ ਗਿਆ ॥

ਬੰਦੇ ਨੂੰ ਸਾਧਾਰਨ ਸਥਿਤੀ ਤੋਂ ਉਪਰ ਉਠਕੇ ਪ੍ਰਮਾਤਮਾ ਵਿਚ ਲੀਨ ਹੋ ਜਾਣ ਤਾਂਈ ਕੀ ਹੋ ਸਕਦਾ ਹੈ, ਉਸ ਲਈ ਗੁਰੂ ਨਾਨਕ ਦੇਵਜੀ ਨੇਂ ਪੰਜ ਖੰਡ ਦਸੇ ਹਨ ॥ ਇਹ ਖੰਡ ਕੋਈ ਬਾਹਰੋਂ ਲਭਣ ਵਾਲੀਆਂ ਵਸਤੂਆਂ ਨਹੀਂ, ਇਨ੍ਹਾਂ ਦਾ ਰੂਹਾਨੀ ਵਸੇਬਾ ਤਾਂ ਸਾਡੇ ਅੰਦਰ ਹੀ ਹੈ ॥ ੴ ਦਾ ਨਾਮ ਜਪਣ ਵਾਲਾ ਜੀਵ ਕਰਮਵਾਰ ਉਸਦੇ ਭਿੰਨ ਭਿੰਨ ਗੁਣਾ ਨੂੰ ਗ੍ਰਿਹਣ ਕਰਨ ਲਗ ਜਾਂਦਾ ਹੈ ਅਤੇ ਚੌਹਾਂ ਖੰਡਾਂ ਵਿਚਦੀ ਅਭਿਆਸ ਕਰਦਾ ਹੋਇਆ ਅੰਤ ਨੂੰ ਸਿਖਰਲੀ ਪ੍ਰਾਪਤੀ, ਨਿਰੰਕਾਰ ਦੇ ਪਸਾਰੇ ਨੂੰ, ਉਹ ਆਪਣੇ ਅੰਦਰ ਹੀ ਅਨੁਭਵ ਕਰਨ ਲਗ ਪੈਂਦਾ ਹੈ ॥

(੧) ਪਉੜੀ ੩੪ (ਰਾਤੀ ਰੁਤੀ ..... ਨਾਨਕ ਗਇਆ ਜਾਪੈ ਜਾਇ) ਵਿਚ ਗੁਰੂ ਜੀ ਨੇ ਅਕਾਲ ਪੁਰਖ ਦੇ ਨਿਰਣਾਇਕ ਗੁਣ ਦਸਕੇ, ਜੀਵ ਨੂੰ ਚੇਤਾਵਨੀ ਦਿਤੀ ਹੈ, ਕਿ ਉਸਦਾ ਹਰ ਕਰਮ ਰੱਬੀ ਨਿਰਣੈ ਦੀ ਕਸਵੱਟੀ ਉੱਤੇ ਪਰਖਿਆ ਜਾਵੇਗਾ ਅਤੇ :

ਪਉੜੀ ੩੫ (ਪਹਿਲੀ ਤੁਕ) ਵਿਚ ਇਸਨੂੰ ਧਰਮ ਖੰਡ ਦਰਸਾਇਆ ਹੈ ॥ ਇਹ ਉਹ ਹਾਲਤ ਹੈ ਜਦੋਂ ਪ੍ਰਾਣੀ ਸਿਰਫ਼ ਆਪਣੇ ਆਪ ਵਿਚ ਹੀ ਲੀਨ ਹੈ ॥ ਸਵਾਰਥ ਤੋਂ ਬਿਨਾ ਉਸਨੂੰ ਕਿਸੇ ਹੋਰ ਦੇ ਕਲਿਆਣ ਵਿਚ ਤਾਂ ਕੀ, ਦੁਰਘਟਨਾ ਜਾਂ ਆਫਤ ਵੇਲੇ ਵੀ ਸਾਂਝੀਵਾਲ ਹੋਣਾ ਕਬੂਲ ਨਹੀਂ ॥ ਇਸ ਖੰਡ ਵਿਚ ਬੰਦੇ ਨੂੰ ਸਮਝ ਆਉਂਦੀ ਹੈ, ਕਿ ਇਸ ਜਗ ਵਿਚ ਆਉਣ ਨਾਲ ਉਸ ਉਪਰ ਪਰਮਾਤਮਾ ਦੀ ਰਚਨਾ ਹਿਤ ਕਈ ਸਮਾਜਕ ਫ਼ਰਜ਼ ਭੀ ਬਣਦੇ ਹਨ ॥ ਉਸਦੀ ਸੁਆਰਥ ਦੀ ਗੰਢ ਖੁਲ ਜਾਂਦੀ ਹੈ, ਅਤੇ ਉਸਦੇ ਮਨ ਵਿਚ ਚੇਤੰਨਤਾ ਆਉਂਦੀ ਹੈ ਕਿ ਇਸ ਜਗ ਵਿਚ ਉਹ ਧਰਮ ਕਮਾਉਣ ਲਈ ਆਇਆ ਹੈ, ਅਤੇ ਅੰਤ ਨੂੰ ਉਸਦੇ ਕਰਮਾਂ ਦੀ ਅਕਾਲ ਪੁਰਖ ਦੇ ਦਰਬਾਰ ਵਿਚ ਅਵੱਸ਼ ਹੀ ਪੜਤਾਲ ਹੋਣੀ ਹੈ॥ ਇਸ ਲਈ ਜ਼ਰੂਰੀ ਹੈ ਕਿ :

ਭਰੀਐ ਮਤਿ ਪਾਪਾ ਕੈ ਸੰਗਿ, ਓਹੁ ਧੋਪੈ ਨਾਵੈ ਕੈ ਰੰਗਿ ॥ (ਪਉੜੀ ੨੦)

(੨) ਪਉੜੀ ੩੫ (ਦੋ ਤੋਂ ਦਸ ਤੁਕਾਂ) ਅਤੇ ਪਉੜੀ ੩੬ (ਪਹਿਲੀਆਂ ੨ ਤੁਕਾਂ), ਗਿਆਨ ਖੰਡ ਹੈ ॥ ਇਸ ਵਿਚੋਂ ਮਨੁਖ ਵਾਸਤੇ ਵਿਦਿਆ ਅਤੇ ਵੀਚਾਰ ਨਾਲ ਗੁਰਬਾਣੀ ਦੀ ਲੋ ਵਿਚ, ਅਕਾਲ ਪੁਰਖ ਦੀ ਹੋਂਦ ਅਤੇ ਸਿਰਜਣਾ ਨੂੰ ਅਨੁਭਵ ਕਰਨ ਦੀ ਪ੍ਰੇਰਨਾ ਮਿਲਦੀ ਹੈ ॥ ਗੁਰੂ ਜੀ ਨੇ ਫੁਰਮਾਇਆ ਹੈ, ਕਿ ਗਿਆਨ ਤਾਂ ਅਥਾਹ ਹੈ :

ਧਰਮ ਖੰਡ ਕਾ ਏਹੋ ਧਰਮੁ ॥ ਗਿਆਨ ਖੰਡ ਕਾ ਆਖਹੁ ਕਰਮੁ ॥

...... ਨਾਨਕ ਅੰਤੁ ਨਾ ਅੰਤੁ ॥ ੩੫ ॥

ਗਿਆਨ ਖੰਡ ਮਹਿ ਗਿਆਨ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥ ੩੬ ॥

ਸਾਹਿਬਾਂ ਨੇ ਕਰਤਾਰ ਦੀ ਕੁਦਰਤ ਦਾ ਅਨੁਭਵ ਕਰਾਉਂਦਿਆਂ ਹੋਇਆਂ, "ਬਲਿਹਾਰੀ ਕੁਦਰਤ ਵਸਿਆ" ਦਾ ਨਕਸ਼ਾ ਖਿਚਿਆ ਹੈ, ਅਤੇ ਪਰਵਰਦਿਗਾਰ ਦੀ ਬੇਅੰਤਤਾ ਦਰਸਾਈ ਹੈ ॥ ਇਹ ਇਕ ਅਨੋਖੀ ਹੀ ਸੁੰਦਰਤਾ ਹੈ, ਜਿਸਦੀ ਖਿੱਚ ਦੇ ਸਕਦੇ, ਜੀਵ ਦਾ ਮਨ ਪਿਆਰ ਨਾਲ ਗਦ ਗਦ ਹੋ ਜਾਂਦਾ

ਹੈ, ਅਤੇ ਨਾਦ ਬਿਨੋਦ ਕੋਡ ਅਨੰਦੁ, ਯਾਨੀ ਇਸ ਅਵਸਥਾ ਵਿਚ ਸਭ ਰਾਗ ਰੰਗ ਤਮਾਸ਼ੇ, ਜਿਹੜੇ ਮਨ ਵਿਚ ਖੁਸ਼ੀ, ਨਿਮਰਤਾ ਅਤੇ ਵਿਸਮਾਦੀ ਪ੍ਰੇਮ ਲਿਆ ਸਕਦੇ ਹਨ, ਉਹ ਸਮੁੱਚੇ ਤੌਰ ਤੇ ਹੀ ਜੀਵ ਨੂੰ ਸੰਤੁਸ਼ਟ ਅਤੇ ਭਰਪੂਰ ਕਰ ਦਿੰਦੇ ਹਨ ॥

(੩) ਪੌੜੀ ੩੬ (੩ ਤੋਂ ੭ ਸਤਰਾਂ, **ਸਰਮ ਖੰਡ** ਹੈ) ॥ ਗਿਆਨ ਖੰਡ ਦੇ ਅਨੰਦਮਈ ਤਜਰਬੇ ਤੋਂ ਪਿਛੋਂ ਦਾ ਸੰਕਲਪ ਪ੍ਰਭੂ ਦਾ ਪ੍ਰਸਾਦਿ ਹਾਸਲ ਕਰਨਾ ਹੈ ॥ ਪਰ ਉਸ ਅਨਾਦੀ ਖੰਡ ਤਾਈਂ ਅਪੜਨ ਲਈ ਸਰਮ ਖੰਡ ਦੀ ਅਵਸਥਾ ਵਿਚੋਂ ਲੰਘਣਾ ਹੁੰਦਾ ਹੈ ॥ ਇਸ ਲਈ ਸਰਮ ਖੰਡ ਵਿਚ ਜੀਵ ਨੂੰ ਉੱਦਮ ਕਰਕੇ, ਹਉਮੈਂ ਤੋਂ ਪੂਰੀ ਤਰ੍ਹਾਂ ਛੁਟਕਾਰਾ ਪਾਉਣ ਦੀ ਲੋੜ ਹੈ, ਕਿਉਂਕਿ ਜਿਥੇ ਹਉਮੈ ਹੈ, ਉਥੇ ਹੁਕਮ ਦੀ ਪਾਲਣਾ ਨਹੀਂ ਹੁੰਦੀ ॥ ਇਸੇ ਕਾਰਣ, ਇਹ ਖੰਡ ਬਹੁਤ ਕਠਨਾਈ ਵਾਲਾ ਪੰਧ ਹੈ, ਅਤੇ **ਰੱਬੀ ਨਦਰ ਹਾਸਲ ਕਰਨ ਲਈ ਹਦੋਂ ਵੱਧ ਘਾਲਣਾ ਘਾਲਕੇ, ਆਪਾ ਵਾਰਨ ਦੀ ਲੋੜ ਹੈ ॥**

(੪). ਪੌੜੀ ੩੮ (੧ ਤੋਂ ੧੦ ਸਤਰਾਂ), **ਕਰਮ ਖੰਡ** ਹੈ ॥ ਇਸ ਅਵਸਥਾ ਵਿਚ, ਜੀਵ ਦੇ ਅੰਦਰ ਅਕਾਲ ਪੁਰਖ ਦੀ ਰੋਸ਼ਨੀ ਦਾ ਪ੍ਰਵੇਸ਼ (ਨਦਰ, ਮਿਹਰ ਜਾਂ ਪ੍ਰਸਾਦਿ ਦੁਆਰਾ), ਵਧਣ ਲਗ ਜਾਂਦਾ ਹੈ, ਅਤੇ ਇਕ ਐਸਾ ਅਨਾਦੀ ਬਲ ਪੈਦਾ ਹੋ ਜਾਂਦਾ ਹੈ, ਕਿ ਬਿਨਾ ਉਸ ਕਰਤਾ ਦੇ, ਉਸਦੇ ਵਾਸਤੇ ਹੋਰ ਕੋਈ ਹਸਤੀ ਹੀ ਨਹੀਂ ਰਹਿੰਦੀ॥ ਉਸਦੇ ਉਪਰ ਫਿਰ ਦੁਨਿਆਵੀ ਵਸਤੂਆਂ ਦਾ ਪ੍ਰਭਾਵ ਉੱਕਾ ਹੀ ਨਹੀਂ ਪੈਂਦਾ ॥ ਪੂਰੇ ਵਿਸ਼ਵਾਸ ਅਤੇ ਮਨ ਦੀ ਦ੍ਰਿੜ੍ਹਤਾ ਨਾਲ ਨਾਮ ਜਪਣ ਵਾਲੇ ਜੀਵ ਵਿਚ ਮਾਨਵ- ਵਾਦੀ ਗੁਣ ਸੁਭਾਵਕ ਹੀ ਪੈਦਾ ਹੋ ਜਾਂਦੇ ਹਨ ॥ ਇਹ "**ਜੋਧ ਮਹਾ ਬਲ ਸੂਰ**" ਕੋਈ ਨਿਰੇ ਨੈਤਿਕ ਅਤੇ ਆਤਮਕ ਜੋਧੇ ਹੀ ਨਹੀਂ ਹੁੰਦੇ, ਬਲਕਿ ਉਹ ਇਨਸਾਨ, ਜਿਹੜੇ ਸਮਾਜ ਨੂੰ ਬਦਲਨ ਅਤੇ ਉਚਾ ਲੈ ਜਾਣ ਦੀ ਸ਼ਕਤੀ ਦੇ ਮਾਲਕ ਹੋਣ, ਉਹ ਭੀ "ਜੋਧੇ " ਸਿੱਧ ਹੁੰਦੇ ਹਨ॥

"**ਘੜੀਐ**" ਦਾ ਮਤਲਬ ਹੈ, ਕਿ ਸਾਰੇ ਤਾਣ ਅਤੇ ਮਾਣ ਦੇ ਨਾਲ, ਹੁਣ ਜੀਵ ਦੀ ਸੁਰਤਿ ਨੂੰ ਉਚੇਰਾ ਲਿਆਇਆ ਜਾਣਾ ਹੁੰਦਾ ਹੈ; ਮਨ ਦੀ ਜਾਗ੍ਰਿਤਿ ਵਧਾਈ ਜਾਂਦੀ ਹੈ, ਅਤੇ ਸਿੱਟੇ ਵਜੋਂ ਅਕਲ ਦੇਵਤਿਆਂ ਅਤੇ ਸਿਧਾਂ ਵਰਗੀ ਹੋ ਜਾਂਦੀ ਹੈ ॥ ਇਨ੍ਹਾਂ ਪ੍ਰਾਪਤੀਆਂ ਦੀ ਬਣਤਰ ਅਤੀ ਸੁੰਦਰ ਹੈ, ਅਤੇ ਬਿਆਨ ਕਰਨ ਦੀ ਸਮਰੱਥਾ ਤੋਂ ਬਾਹਰ ਹੈ ॥ ਇਸ ਅਵਸਥਾ ਵਿਚ ਜੀਵ ਦੀ ਸੁਰਤਿ ਅਤੇ ਮਤ ਦੀ ਉਨਤੀ ਐਸੀ ਬੁਲੰਦੀ ਤਾਈਂ ਪਹੁੰਚ ਜਾਂਦੀਆਂ ਹਨ, ਕਿ ਉਸਦਾ ਅਗਲੇ ਖੰਡ ਵਿਚ ਪ੍ਰਵੇਸ਼ ਕਰਨਾ ਸੁਖਾਲਾ ਹੋ ਜਾਂਦਾ ਹੈ ॥

(੫). ਪਉੜੀ ੩੮ (੧੧ ਤੋਂ ੧੭ ਸਤ੍ਰਾਂ) ਆਖਰੀ ਪੜਾ, **ਸਚ ਖੰਡ ਹੈ** ॥ ਇਹ ਨਿਰਗੁਣ ਨਿਰੰਕਾਰ ਦਾ ਵਾਸਾ ਹੈ॥ *ਰੂਪ ਸਤਿ ਜਾ ਕਾ ਸਤਿ ਅਸਥਾਨੁ* (ਸੁਖਮਨੀ) ਚਾਰਾਂ ਪੌੜੀਆਂ ਵਿਚ ਦੀ ਸਫਲਤਾ ਨਾਲ ਲੰਘਦਾ ਹੋਇਆ, ਜੀਵ ਸਚ ਖੰਡ ਵਿਚ ਨਿਵਾਸ ਕਰਨ ਦੇ ਕਾਬਲ ਹੋ ਜਾਂਦਾ ਹੈ ॥

ਨੋਟ : ਸਚ ਖੰਡ ਨੂੰ ਕਿਸੇ ਵੱਡੇ ਤੋਂ ਵੱਡੇ ਦਾਇਰੇ ਵਿਚ ਸੀਮਤ ਨਹੀਂ ਕੀਤਾ ਜਾ ਸਕਦਾ ਅਤੇ ਉਸ ਵਿਚ ਸੁਭਾਇਮਾਨ ੧ੳ ਦਾ ਵਿਸਮਾਦੀ ਅਨੰਦ ਤਾਂ ਮਨੁਖਾ ਵਰਣਨ-ਸ਼ਕਤੀ ਤੋਂ ਕਿਤੇ ਬਾਹਰ ਹਨ ॥ ਸਾਹਿਬ ਫੁਰਮਾਂਉਂਦੇ ਹਨ : -

ਸਚਿ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥

ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥

ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥

ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥ ੩੮ ॥ (ਜਪੁਜੀ ਸਾਹਿਬ)

ਇਥੇ ਬੇਅੰਤ ਅਤੇ ਵੰਨ ਸੁਵੰਨੇ ਆਕਾਰ ਦਰਸਾਏ ਹਨ॥ ਖੂਬੀ ਇਹ ਹੈ, ਕਿ ਆਕਾਰਾਂ ਦੇ ਨਾਲ ਨਿਰੰਕਾਰ ਵੀ ਹੈ ॥ ਨਿਰੰਕਾਰ ਅਤੇ ਆਕਾਰਾਂ ਦਾ ਰਿਸ਼ਤਾ ਕਰਤਾਰ ਤੇ ਕਿਰਤ ਵਾਲਾ ਹੈ, ਜਿਹੜਾ ੧ੳ ਦੀ ਨਿਰਗੁਣਤਾ ਅਤੇ ਸਰਗੁਣਤਾ ਨੂੰ ਸਪੱਸ਼ਟਤਾ ਦਿੰਦਾ ਹੈ ॥

ਜਗ ਦੀ ਉਤਪਤੀ

ਅਨੇਕ ਮੱਤਾਂ ਦੀਆਂ ਪੁਸਤਕਾਂ ਵਿਚ ਜਗਤ ਦੀ ਉਤਪਤੀ ਅਤੇ ਲਯ ਨੂੰ ਭਿੰਨ-ਭਿੰਨ ਪ੍ਰਕਾਰ ਨਾਲ ਦਰਸਾਇਆ ਅਤੇ ਮੰਨਿਆ ਗਿਆ ਹੈ ॥ ਉਸਨੂੰ ਇਕ ਚਸ਼ਮ-ਦੀਦ ਹਕੀਕਤ ਦੀ ਤਰ੍ਹਾਂ ਬਿਆਨ ਕੀਤਾ ਹੋਇਆ ਹੈ ॥ ਸਿੱਖ ਗੁਰੂ ਸਾਹਿਬਾਨ, ਤਰਕ-ਵਿਤਰਕ ਛੱਡਕੇ, ਸੰਸਾਰ ਦੀ ਹੋਂਦ ਨੂੰ ਪਰਮਾਤਮਾ ਦੇ ਹੁਕਮ ਨਾਲ ਹੋਈ ਮੰਨਦੇ ਹਨ ॥ (ਜਪੁਜੀ ਸਾਹਿਬ) ਹੁਕਮੀ ਹੋਵਨਿ ਆਕਾਰ ॥ .....ਕੀਤਾ ਪਸਾਉ ਏਕੋ ਕਵਾਉ ॥ ਕਵਣੁ ਸੁ ਵੇਲਾ ਵਖਤੁ ਕਵਣੁ, ਕਵਣ ਥਿਤਿ ਕਵਣੁ ਵਾਰੁ ॥ ਕਵਣ ਸਿ ਰੁਤੀ ਮਾਹੁ ਕਵਣੁ, ਜਿਤੁ ਹੋਆ ਆਕਾਰ ॥ ਵੇਲ ਨ ਪਾਈਆ ਪੰਡਤੀ, ਜਿ ਹੋਵੈ ਲੇਖੁ ਪੁਰਾਣੁ ॥ ਵਖਤੁ ਨਾ ਪਾਇਓ ਕਾਦੀਆ, ਜਿ ਲਿਖਨਿ ਲੇਖੁ ਕੁਰਾਣੁ ॥ ਥਿਤ ਵਾਰ ਨਾ ਜੋਗੀ ਜਾਣੈ, ਰੁਤਿ ਮਾਹੁ ਨਾ ਕੋਈ ॥ ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੇ ਸੋਈ ॥ .....

<u>ਗਉੜੀ ਸਖਮਨੀ ਮਹਲਾ : ੫</u>

ਹਰਨ ਭਰਨ ਜਾ ਕਾ ਨੇਤ੍ਰ ਫੋਰੁ, ਤਿਸ ਕਾ ਮੰਤ੍ਰ ਨਾ ਜਾਨੈ ਹੋਰੁ ॥ ਪਿਤਾ ਕਾ ਜਨਮੁ ਕਿ ਜਾਨੈ ਪੂਤੁ, ਸਗਲ ਪਰੋਈ ਅਪੁਨੈ ਸੂਤਿ ॥ ਜਿਸ ਕੀ ਸ੍ਰਿਸਟਿ ਸੁ ਕਰਣੈਹਾਰ, ਅਵਰ ਨ ਬੂਝਿ ਕਰਤ ਬੀਚਾਰੁ ॥ ਕਰਤੇ ਕੀ ਮਿਤਿ ਨ ਜਾਨੈ ਕੀਆ, ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥ ਪੰਨਾ ੨੮੫

<u>ਗਉੜੀ ਸਖਮਨੀ ਮਹਲਾ : ੫</u>

ਆਪਿ ਸਤਿ ਕੀਆ ਸਭੁ ਸਤਿ, ਤਿਸੁ ਪ੍ਰਭ ਤੇ ਸਗਲੀ ਉਤਪਤਿ ॥ ਤਿਸੁ ਭਾਵੈ ਤਾ ਕਰੇ ਬਿਸਥਾਰੁ, ਤਿਸ ਭਾਵੈ ਤਾ ਏਕੰਕਾਰੁ ॥ ਪੰਨਾ ੨੮੫

<u>ਮਾਰੂ ਮਹਲਾ : ੧</u>

ਅਰਬਦ ਨਰਬਦ ਧੁੰਦੂ ਧਾਰਾ, ਧਰਣ ਨਾ ਗਗਨਾ ਹੁਕਮ ਹਮਾਰਾ ॥ ਨ ਦਿਨ ਰੈਣ ਨ ਚੰਦ ਸੂਰਜ, ਸੁੰਨ ਸਮਾਧ ਲਗਾਇਦਾ ॥ *(ਅਨਗਿਣਤ ਸਮੇਂ ਤੋਂ ਬੇਤਰਤੀਬੀ ਹੀ ਸੀ ॥ ਨਾ ਜ਼ਮੀਨ ਸੀ ਅਤੇ ਨਾ ਹੀ ਆਸਮਾਨ, ਸਿਰਫ਼ ਪਰਮਾਤਮਾ ਦਾ ਹੁਕਮ ਹੀ ਸੀ)*

ਜਾ ਤਿਸ ਭਾਣਾ ਤਾ ਜਗਤ ਉਪਾਇਆ, ਬਾਝ ਕਲਾ ਅਡਾਣੁ ਰਹਾਇਆ ॥ *(ਜਦੋਂ ਉਸਦੀ ਇੱਛਾ ਹੋਈ, ਤਾਂ ਉਸਨੇ ਬ੍ਰਹਮੰਡ ਦੀ ਸਾਜਨਾ ਕੀਤੀ ਅਤੇ ਬਿਨਾ ਕਿਸੇ ਜ਼ਾਹਰੀ ਕਲਾ ਦੇ, ਇਕ ਵਿਸ਼ਾਲ ਪਸਾਰੇ ਦਾ ਨਿਰਬਾਣ ਕੀਤਾ ॥*

ਵਿਰਲੇ ਕੋਊ ਗੁਰ-ਸ਼ਬਦ ਸੁਣਾਇਆ, ਗੁਪਤਹੁ ਪ੍ਰਗਟੀ ਆਇਦਾ ॥ (ਅਤੇ ਨਿਰਗੁਣ ਤੋਂ ਸਰਗੁਣ ਹੋਇਆ ॥)

ਆਪੇ ਆਪ ਉਪਾਇ ਨਿਰਾਲਾ, ਸਚਾ ਥਾਨ ਕੀਉ ਦਿਆਲਾ ॥

(ਆਪਣੇ ਆਪ ਉਪਜਿਆ ਹੋਇਆ ਪਰਮਾਤਮਾ ਅਨੂਪ ਹੈ । ਆਪਣੇ ਸੱਚੇ ਅਸਥਾਨ ਨੂੰ ਦਇਆਵਾਨ ਕਰ ਦਿੱਤਾ)

ਜੋਤਿ ਸਰੂਪ ਸਦਾ ਸੁਖ ਦਾਤਾ ਸਚੇ ਸੋਭਾ ਪਾਇਦਾ ॥ ਪੰਨਾ ੧੦੩੬

(ਪਰਮਾਤਮਾ ਸਾਰੀ ਰੋਸ਼ਨੀ ਦਾ ਸੋਮਾ ਹੈ ॥ ਹਮੇਸ਼ਾ ਵਿਸਮਾਦੀ ਹੈ ॥ ਅਤੇ ਸਚਿਆਂ ਨੂੰ ਸਨਮਾਨਤ ਕਰਦਾ ਹੈ ॥)

ਸੁੰਨ ਕਲਾ ਅਪਰੰਪਰਿ ਧਾਰੀ, ਆਪਿ ਨਿਰਾਲਮੁ ਅਪਰ ਅਪਾਰੀ ॥ ਪੰਨਾ ੧੦੩੮

ਆਪੁ ਕੁਦਰਤਿ ਕਰਿ ਕਰਿ ਦੇਖੈ, ਸੁੰਨਹੁ ਸੁੰਨੁ ਉਪਾਇਦਾ ॥

(ਪਾਰਬ੍ਰਹਮ ਦਾ ਨਿਰਗੁਣ ਸਰੂਪ ਅਤੇ ਸ਼ਕਤੀ ਹਮੇਸ਼ਾਂ ਉਸਦੇ ਆਪਣੇ ਪਾਸ ਹੀ ਮੌਜੂਦ ਹਨ ॥ ਸਰਗੁਣ ਹੋਣ ਤੇ ਵੀ ਉਹ ਆਪ ਨਿਰਲੇਪ ਅਤੇ ਅਪਰ -ਅਪਾਰ ਹੀ ਰਹਿੰਦਾ ਹੈ ॥ ਜਦ ਚਾਹੇ, ਸਰਗੁਣ ਸਰੂਪ ਨੂੰ ਤਿਆਗ ਕੇ ਮੁੜ ਨਿਰਾ ਨਿਰਗੁਣ ਹੋ ਸਕਦਾ ਹੈ ॥)

<u>ਵਾਰ ਜੈਤਸਰੀ ਮਹਲਾ : ੫</u>

ਕਰਣ ਕਾਰਣ ਸਮਰਥ ਪ੍ਰਭੁ, ਜੋ ਕਰੇ ਸੁ ਹੋਈ ॥

ਖਿਨ ਮਹਿ ਥਾਪਿ ਉਥਾਪਦਾ, ਤਿਸੁ ਬਿਨੁ ਨਹੀ ਕੋਈ ॥ ਪੰਨਾ ੭੦੬

<u>ਆਸਾ ਮਹਲਾ : ੧</u>

ਸਾਹਿਬ ਮੇਰਾ ਏਕੋ ਹੈ, ਏਕੋ ਹੈ, ਭਾਈ ਏਕੋ ਹੈ ॥ ਪੰਨਾ ੩੫੦

ਪ੍ਰਮਾਤਮ ਸਰੂਪ

ਜਪੁਜੀ ਸਾਹਿਬ ਵਿਚ ਉਸ ਅਕਾਲ ਪੁਰਖ ਸਿਰਜਣਹਾਰ ਦੀ ਹੋਂਦ ਬਾਰੇ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ : -

ਜਪੁ ॥

ਆਦਿ ਸਚੁ ਜੁਗਾਦਿ ਸਚੁ, ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

ਮੂਲ ਮੰਤ੍ਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਰੰਭ *ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ* ਨਾਲ ਹੁੰਦਾ ਹੈ ॥ ਰਵਾਇਤ ਅਨੁਸਾਰ ਇਸ ਨੂੰ "ਮੂਲ ਮੰਤ੍ਰ ਆਖਿਆ ਜਾਂਦਾ ਹੈ ॥ ਇਹ ਸਿਖ ਧਰਮ ਦਾ ਬੁਨਿਆਦੀ ਸਿਧਾਂਤ ਹੈ ॥ ਇਹ ਜਪੁਜੀ ਦਾ ਜਾਂ ਗ੍ਰੰਥ ਸਾਹਿਬ ਦੀ ਕਿਸੇ ਹੋਰ ਬਾਣੀ ਦਾ ਅੰਗ ਨਹੀਂ ਹੈ ॥ ਅਗੇ ਆਂਉਂਦੀਆਂ ਕਈ ਵਡੀਆਂ ਬਾਣੀਆਂ ਦੇ ਆਰੰਭ ਵਿਚ ਇਸ ਮੂਲ ਮੰਤ੍ਰ ਨੂੰ ਸਿਰਲੇਖ ਵਜੋਂ ਵਡੇ ਜਾ ਛੋਟੇ ਸਰੂਪ ਵਿਚ ਦਰਜ ਕੀਤਾ ਹੋਇਆ ਹੈ ॥

ਮੂਲ ਮੰਤ੍ਰ ਵਿਚ ਗੁਰੂ ਜੀ ਕਹਿੰਦੇ ਹਨ : "**ਗੁਰ ਪ੍ਰਸਾਦਿ** ॥" ਇਸਦਾ ਮਤਲਬ ਹੈ ਕਿ, ੴ ਤੋਂ ਲੈ ਕੇ ਸੈਭੰ ਤਾਈਂ ਦੀ ਤਾਰੀਫ਼ ਵਾਲਾ ਪਰਮਾਤਮਾ, ਗੁਰੂ ਦੀ ਬਖ਼ਸ਼ਸ਼ ਅਤੇ ਰਹਿਮਤ ਨਾਲ ਹਾਸਲ ਹੋ ਸਕਦਾ ਹੈ ॥ ਗੁਰਮਤਿ ਅਨੁਸਾਰ, ਪਰਮਾਤਮਾ ਅਜੂਨੀ ਹੈ, ਇਸ ਲਈ ਕੋਈ ਵੀ ਇਨਸਾਨ, ਭਾਵੇਂ ਉਹ ਕਿਡਾ ਹੀ ਪੁੱਜਾ ਹੋਇਆ ਇਕ-ਮਿਕ ਪਰਮਾਤਮਾ-ਲੀਨ (ਖੁਦਾ-ਰਸੀਦਾ) ਹੀ ਕਿਉਂ ਨਾ ਹੋਵੇ, ਨਾ ਹੀ ਪਰਮਾਤਮਾ ਹੋ ਸਕਦਾ ਹੈ ਅਤੇ ਨਾ ਹੀ ਸ੍ਰਿਸ਼ਟੀ ਉਤੇ ਉਸਦਾ ਅਵਤਾਰ ਹੀ ॥ ਪਰਮਾਤਮਾ ਦੀ ਹੋਂਦ ਅਤੇ ਉਸਦੀ ਸਿਰਜਨਾ ਦਾ ਗਿਆਨ ਅਤੇ ਅਨੁਭਵ ਕਰਨ ਦੇ ਸਾਧਨ, ਸ਼ਬਦ ਰਾਹੀਂ ਹੀ ਪ੍ਰਗਟ ਹੁੰਦੇ ਹਨ ॥ ਚੂੰਕਿ ਸ਼ਬਦ ਗੁਰੂ ਦੁਆਰਾ ਹੀ ਪ੍ਰਕਾਸ਼ਮਾਨ ਹੁੰਦਾ ਹੈ, ਇਸ ਲਈ ਗੁਰਬਾਣੀ ਨਦਰ (ਗ੍ਰੇਸ) ਦੁਆਰਾ ਗੁਰੂ ਦੀ ਬਖ਼ਸ਼ਸ਼ ਹੈ ॥

ਸ਼ਬਦ ਗੁਰੂ

ਸਿਖ ਧਰਮ ਦੀ ਸਿਖਿਆ ਅਨੁਸਾਰ ਪ੍ਰਮਾਤਮਾ ਨੇਂ ਇਨਸਾਨ ਨੂੰ ਇਹ ਜੀਵਨ ਇਸ ਲਈ ਬਖ਼ਸ਼ਿਆ ਹੈ, ਕਿ ਉਹ ਉਸ ੧ਓ ਤੋਂ ਸੈਭੰ ਦੀ ਤਾਰੀਫ ਵਾਲੇ ਪ੍ਰਮਾਤਮਾ ਨੂੰ ਮਿਲ ਸਕੇ ॥ ਦੁਨੀਆਂ ਦੀ ਹਰ ਕਿਸਮ ਦੀ ਹਰਇਕ ਹਰਕਤ ਉਸ ਕਰਤੇ ਦੇ ਹੁਕਮ ਅਨੁਸਾਰ ਹੀ ਹੁੰਦੀ ਹੈ, ਉਸਦੇ ਹੁਕਮ ਤੋਂ ਬਾਹਰ ਕੁਝ ਭੀ ਹੋ ਨਹੀਂ ਸਕਦਾ ॥ ਇਨਸਾਨ ਨੂੰ ਸਿਮ੍ਰਨ ਕਰਕੇ ਉਸ ਮੰਜ਼ਲ ਤਾਈਂ ਪਹੁੰਚਣ ਲਈ ਸਮਰੱਥਾ ਭਾਵੇਂ ਪ੍ਰਮਾਤਮਾ ਦੀ ਮਿਹਰ ਨਾਲ ਹੀ ਉਤਪਨ ਹੋ ਸਕਦੀ ਹੈ, ਪਰ ਉਹ ਸਾਧਨ ਤਾਂ ਸਿਰਫ ਗੁਰੂ ਦੇ ਦਸੇ ਹੋਏ ਰਸਤੇ ਉਤੇ ਚਲਕੇ ਹੀ ਮਿਲ ਸਕਦੇ ਹਨ ॥ ਇਸ ਲਈ ਗੁਰੂ ਭੀ "ਗੁਰੂ-ਹਰੀ" ਹੋਣਾ ਚਾਹੀਦਾ ਹੈ ॥ ਗੁਰੂ ਨਾਨਕ ਅਤੇ ਉਨ੍ਹਾਂ ਦੇ ਆਤਮ-ਸਰੂਪ ਨੌਂ ਗੁਰੂ ਸਾਹਿਬਾਨ ਇਸ ਅਵਸਥਾ ਦੇ ਧਾਰਨੀ ਸਨ, ਇਸ ਲਈ ਉਨ੍ਹਾਂ ਦੀ ਕਿਰਪਾ, ਜਾਂ ਮਿਹਰ ਸਦਕਾ ਰਚੀ ਹੋਈ ਗੁਰਬਾਣੀ ਮਨੁਸ਼ ਲਈ ਇਕ ਗਾਡੀ-ਰਾਹ ਹੈ ॥ ਇਹ ਗੁਰਬਾਣੀ ਗੁਰ ਪ੍ਰਸਾਦਿ ਰਾਹੀਂ ਜੀਵ ਨੂੰ ਸਚਿ ਖੰਡ ਤਾਂਈ ਆਤਮਕ ਲੋ ਨੂੰ ਪ੍ਰਮਾਤਮਾਂ ਦੀ ਜੋਤਿ ਵਿਚ ਸਮਾ ਦੇਣ ਦੇ ਕਾਬਲ ਕਰ ਦਿੰਦੀ ਹੈ ॥ ਇਹ ਗੁਰਬਾਣੀ ਧੁਰ ਦੀ ਬਾਣੀ ਹੋਣ ਦੇ ਅਧਾਰ ਉਤੇ ਇਸਨੂੰ "ਸ਼ਬਦ-ਗੁਰੂ" ਆਖਿਆ ਜਾਂਦਾ ਹੈ ॥

ਸਿਖ ਗੁਰੂ ਸਾਹਿਬਾਨ ਫੁਰਮਾਉਂਦੇ ਹਨ : <u>ਮਾਰੂ ਮਹਲਾ : ੧</u>

ਮੂਲ ਮੰਤ੍ਰ ਹਰਿ ਨਾਮ ਰਸਾਇਣੁ, ਕਹੁ ਨਾਨਕ ਪੂਰਾ ਪਾਇਆ ॥ ਪੰਨਾ ੧੦੪੦

ਗੁਰਮਤਿ ਵਿਚ ਮੰਤ੍ਰ-ਵਿਧਾਨ ਦੀ ਜਗ੍ਹਾ ਨਾਮ-ਵਿਧਾਨ ਹੀ ਪ੍ਰਵਾਣਿਆ ਹੈ ॥ (ਅਰਥਾਤ : ਹਰਿ ਨਾਮ, ਜੋ ਮੁਢਲਾ ਸ਼੍ਰੋਮਣੀ ਮੰਤ੍ਰ ਹੈ, ਉਸੇ ਵਿਚੋਂ ਹੀ (ਐਲਕੈਮੀ ਦੇ ਤੱਤ ਪਰਿਵਰਤਨ ਵਾਂਗ) ਸਾਰੇ ਹੀ ਮੰਤ੍ਰ ਨਿਕਲਦੇ ਹਨ ॥ ਗੁਰੂ ਨਾਨਕ ਦੇਵ ਜੀ ਦਾ ਕਹਿਣਾ ਹੈ, ਕਿ ਮੂਲ ਮੰਤ੍ਰ ਪੂਰਾ (ਨਾਮ) ਪਾਇਆ ਹੈ॥ ਇਸ ਲਈ, ਗੁਰਬਾਣੀ ਵਿਚ ਸ਼ਬਦ ਰਾਹੀਂ ਦਿੱਤੀ ਹੋਈ ਗੁਰ - ਸਿਖਿਆ ਹੀ ਮੰਤ੍ਰ ਹੈ ॥ ਗੁਰਬਾਣੀ ਵਿਚ ਵਰਤੇ ਗਏ ਲਫ਼ਜ਼ ਮੰਤ੍ਰ ਦਾ ਭਾਵ ਗੁਰਬਾਣੀ ਦੀ ਸਿਖਿਆ ਦੇ ਦਾਇਰੇ ਵਿਚ ਹੀ ਮਹਿਦੂਦ ਹੈ, ਕਿਸੇ ਹੋਰ ਧਰਮਾਂ ਵਿਚਲੇ "ਮੰਤ੍ਰ-ਭਾਵ" ਨਾਲ ਇਸਦਾ ਕੋਈ ਸਬੰਧ ਨਹੀਂ ਹੈ ॥

<u>ਧਨਾਸਰੀ ਮ : ੫</u>

ਬਿਨ ਸਤਿਗੁਰ ਸਭ ਮੁਈ ਬਿਲਲਾਇ, ਅਨਦਿਨ ਦਾਝਹਿ ਸਾਂਤਿ ਨ ਪਾਇ ॥

ਸਤਿਗੁਰ ਮਿਲੈ ਸਭ ਤ੍ਰਿਸਨ ਬੁਝਾਇ, ਨਾਨਕ ਨਾਮ ਸਾਂਤਿ ਸੁਖ ਪਾਇ ॥ ਪੰਨਾ ੬੦੮

<u>ਸਾਰੰਗ ਮਹਲਾ : ੧</u>

ਜੇ ਕਿਹੁ ਹੋਈ ਤ ਕਿਹੁ ਦਿਸੈ ॥ ਜਾਪੈ ਰੂਪ ਨ ਜਾਤਿ ॥ ਪੰਨਾ ੭੧੩

(ਜੇ ਉਸਦਾ ਕੋਈ ਨਿਗਰ ਵਜੂਦ ਹੋਵੇ ਤਾਂ ਤੇ ਓਹ ਦਿਸੇ ਵੀ, ਪਰ ਉਸਦਾ ਤਾਂ ਨਾਂ ਕੋਈ ਰੂਪ ਹੈ ਤੇ ਨਾ ਹੀ ਕੋਈ ਜਾਤ ਹੈ ॥ ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਪ੍ਰਮਾਤਮਾ ਦੀ ਤਾਰੀਫ ਹੀ ਮੂਲ ਮੰਤ੍ਰ ਵਿਚ ਦ੍ਰਿਸ਼ਟਾਈ ਹੈ ॥)

<u>ਰਾਮਕਲੀ ਮਹਲਾ : ੧</u>

ਜਿ ਪੁਰਖੁ ਨਦਰਿ ਨ ਆਵਈ, ਤਿਸ ਕਾ ਕਿਆ ਕਰ ਕਹਿਆ ਜਾਇ ॥

ਬਲਿਹਾਰੀ ਗੁਰ ਆਪਣੇ, ਜਿਨਿ ਹਿਰਦੈ ਦਿਤਾ ਦਿਖਾਇ ॥ ਪੰਨਾ ੭੩੧

(ਮੈਂ ਗੁਰੂ ਤੋਂ ਵਾਰਨੇ ਜਾਂਦਾ ਹਾਂ, ਜਿਸ ਨੇ ਉਸ ਪੁਰਖ ਦਾ (ਜਿਹੜਾ ਦਿਸਦਾ ਹੀ ਨਹੀਂ ਸੀ),

ਮੈਨੂੰ ਮੇਰੇ ਹਿਰਦੇ ਅੰਦਰ ਹੀ ਅਨੁਭਵ ਕਰਾ ਦਿੱਤਾ ਹੈ ॥)

ਗੁਰੂ ਨਾਨਕ ਦਾ ਗੁਰੂ

ਗੁਰੂ ਨਾਨਕ ਦੇਵ ਜੀ, ਪਰਮਾਤਮਾ ਨੂੰ ਆਦਿ ਗੁਰੂ ਸਵੀਕਾਰਦੇ ਹਨ ਅਤੇ ਫੁਰਮਾਉਂਦੇ ਹਨ :
ਗੁਰ ਆਦਿ ਪੁਰਖ ਹਰਿ ਪਾਇਆ ॥ ਪੰਨਾ ੯੩੯
(ਇਸੀ ਵਜਾਹ ਕਰਕੇ ਆਪਨੇਂ ਕਿਸੇ ਦੁਨਿਆਵੀ ਗੁਰੂ ਦੀ ਚੇਲਾਗੀਰੀ ਨਹੀਂ ਕੀਤੀ ॥)

ਸੋਰਠਿ ਮਹਲਾ : ੧ ਘਰ ੩
ਤਤੁ ਨਿਰੰਜਨੁ ਜੋਤਿ ਸਬਾਈ, ਸੋਹੰ ਭੇਦੁ ਨ ਕੋਈ ਜੀਉ ॥ ਪੰਨਾ ੫੯੯
ਅਪਰੰਪਰ ਪਾਰਬ੍ਰਹਮ ਪਰਮੇਸਰੁ, ਨਾਨਕ ਗੁਰੁ ਮਿਲਿਆ ਸੋਈ ਜੀਉ ॥ ੫॥੧੧॥ ਪੰਨਾ ੫੯੯

ਰਾਮਕਲੀ ਮਹਲਾ : ੧
ਗੁਰੂ ਪਰਮੇਸੁਰ ਨਾਨਕ ਭੇਟਿਉ, ਸਾਚੈ ਸਬਦਿ ਨਿਬੇਰਾ ॥
ਦਸਮੇਂ ਪਾਤਸ਼ਾਹ ਨੇ ਵੀ ਇਸੇ ਹਕੀਕਤ ਦੀ ਪ੍ਰੋੜਤਾ ਕੀਤੀ ਹੈ : -
ਆਦਿ ਅੰਤ ਏਕੈ ਅਵਤਾਰਾ, ਸੋਈ ਗੁਰੂ ਸਮਝਯਹੁ ਹਮਾਰਾ ॥
(ਚੌਪਈ, ਗੁਰੂ ਗੋਬਿੰਦ ਸਿੰਘ ਜੀ)

ਰੱਬੀ ਜੋਤਿ

ਜਿਥੇ ਸਾਹਿਬਾਂ ਨੇ ੧ਓ ਦੀ ਨਿਰਗੁਣਤਾ, ਸਰਗੁਣਤਾ ਅਤੇ ਬਿਨਾ - ਸ਼ੱਕ ਉੱਚਤਾ ਦੱਸੀ ਹੈ, ਉਥੇ ਉਨ੍ਹਾਂ ਨੇਂ ਇਕ ਅਲੌਕਿਕ ਸਿਖਿਆ ਭੀ ਦਿੱਤੀ ਹੈ, ਕਿ - ਜੀਵ ਰੱਬੀ ਜੋਤਿ ਦੀ ਕਿਰਣ ਲੈਕੇ ਦੁਨੀਆ ਵਿਚ ਪ੍ਰਵੇਸ਼ ਕਰਦਾ ਹੈ ॥ ਇਸ ਲਈ ਉਚਿਤ ਹੈ ਕਿ ਬੰਦਾ ਇਸ ਦੈਵੀ ਬਖ਼ਸ਼ਸ਼ ਤੋਂ ਜਾਣੂ ਹੋਵੇ ॥

ਸੋਰਠਿ ਮਹਲਾ : ੫
ਮਨੁ ਤੂ ਜੋਤਿ ਸਰੂਪ ਹੈ, ਅਪਣਾ ਮੂਲ ਪਛਾਣੁ ॥ ਪੰਨਾ ੪੪੧

ਰਾਮਕਲੀ ਮਹਲਾ : ੩ (ਅਨੰਦ ਸਾਹਿਬ)
ਇਹੁ ਸਰੀਰਾ ਮੇਰਿਆ, ਹਰਿ ਤੁਮ ਮਹਿ ਜੋਤਿ ਰਖੀ
ਤਾ ਤੂ ਜਗੁ ਮਹਿ ਆਇਆ ..... ਪੰਨਾ ੯੨੧

ਬਿਲਾਵਲ ਮਹਲਾ : ੫ (ਛੰਤ)
ਬ੍ਰਹਮ ਦੀਸੈ ਬ੍ਰਹਮੁ ਸੁਣੀਐ, ਏਕੁ ਏਕੁ ਵਖਾਣੀਐ
ਆਤਮ ਪਸਾਰਾ ਕਰਣਹਾਰਾ, ਪ੍ਰਭ ਬਿਨਾ ਨਹੀਂ ਜਾਣੀਐ ॥ ਪੰਨਾ ੮੪੬
(ਪ੍ਰਮਾਤਮਾ ਵਿਚ ਪੂਰਨ ਵਿਸ਼ਵਾਸ ਰਖਣਾ ਅਤੇ ਉਸਨੂੰ ਨਿਸ ਬਾਸਰ ਯਾਦ ਕਰਨਾ ਇਹੀ ਜੀਵ ਦੇ ਕਲਿਆਣ ਦਾ ਸਾਧਨ ਹੈ ॥ ਉਸਨੂੰ ਭੁਲਾਉਣ ਦਾ ਸਿੱਟਾ ਹਾਨੀਕਾਰਕ ਹੈ ॥)

ਮਾਝ ਮਹਲਾ : ੫ - ਬਾਰਾਮਾਹਾ
ਪਰਮੇਸਰ ਤੇ ਭੁਲਿਆਂ, ਵਿਆਪਨਿ ਸਭੇ ਰੋਗ ॥ ਪੰਨਾ ੧੩੫
(ਭੁਲਿਣ ਵਾਲਿਆਂ ਨੂੰ ਸਾਰੇ ਸੰਸਾਰ ਦੇ ਰੋਗ ਲਗ ਜਾਂਦੇ ਹਨ ॥)

ਪ੍ਰਭੂ ਦੀ ਨਦਰ

ਪ੍ਰਮਾਤਮਾ ਦੀ ਉਦਾਰਤਾ ਦਸਦੇ ਹੋਇ ਸਾਹਿਬ ਆਖਦੇ ਹਨ :

ਸਿਰੀ ਰਾਗ ਮਹਲਾ : ੧ (ਜੋਗੀ ਅੰਦਰ)

ਮੇਰਾ ਗੁਣ ਅਵਗੁਣ ਨਾ ਬੀਚਾਰਿਆ, ਪ੍ਰਭਿ ਅਪਣਾ ਬਿਰਦੁ ਸਮਾਰਿਆ ॥
ਕੰਠਿ ਲਾਇ ਕੈ ਰਖਿਓਨ, ਲਗੈ ਨ ਤਤੀ ਵਾਉ ਜੀਉ ॥ ਪੰਨਾ ੭੨

ਆਸਾ ਮਹਲਾ : ੫

ਇਹੀ ਅਚਾਰ ਇਹੀ ਬਿਉਹਾਰਾ, ਆਗਿਆ ਮਾਨਿ ਭਗਤਿ ਹੋਇ ਤੁਮਾਰੀ
ਜੋ ਇਹੁ ਮੰਤਰ ਕਮਾਵੈ ਨਾਨਕ, ਸੋ ਭਉਜਲ ਪਾਰਿ ਉਤਾਰੀ ॥ ੩ ॥ ਪੰਨਾ ੫੨੯

ਧਨਾਸਰੀ ਮਹਲਾ : ੧

ਨਦਰਿ ਕਰੇ ਤਾ ਸਿਮਰਿਆ ਜਾਇ, ਆਤਮਾ ਦ੍ਰਵੈ ਰਹੈ ਲਿਵ ਲਾਇ ॥
ਆਤਮਾ ਪਰਮਾਤਮਾ ਏਕੋ ਕਰੈ, ਅੰਤਰਿ ਕੀ ਦੁਬਿਧਾ ਅੰਤਰਿ ਮਰੈ ॥
ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥ ੨॥ ਪੰਨਾ ੬੬੧

ਮਾਰੂ ਮਹਲਾ : ੫

ਫੂਟੋ ਆਂਡਾ ਭਰਮ ਕਾ, ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ, ਗੁਰਿ ਕੀਨੀ ਬੰਦਿ ਖਲਾਸੁ॥੧॥ ਪੰਨਾ ੧੦੦੨

ਆਤਮਾ - ਪ੍ਰਮਾਤਮਾ

ਰਾਮਕਲੀ ਮ : ੩ (ਅਨੰਦ ਸਾਹਿਬ)

ਏ ਸਰੀਰਾ ਮੇਰਿਆ, ਹਰਿ ਤੁਮ ਮਹਿ ਜੋਤਿ ਰਖੀ,
ਤਾ ਤੂ ਜਗ ਮਹਿ ਆਇਆ ॥ ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥
..... ਕਹੈ ਨਾਨਕ ਸ੍ਰਿਸ਼ਟਿ ਕਾ ਮੂਲੁ ਰਚਿਆ ਜੋਤਿ ਰਾਖੀ, ਤਾ ਤੂ ਜਗ ਮਹਿ ਆਇਆ ॥ ੩੩॥
ਪੰਨਾ ੯੨੧

ਅਰਥਾਤ : (ਆਪਣੇ ਸ੍ਰੀਰ ਨੂੰ ਮੁਖਾਤਬ ਕਰਕੇ ਗੁਰੂ ਅਮਰਦਾਸ ਜੀ ਆਖਦੇ ਹਨ) ਹੇ ਮੇਰੇ ਸਰੀਰ, ਪ੍ਰਮਾਤਮਾ ਨੇ ਪਹਿਲਾ ਸ੍ਰਿਸ਼ਟੀ ਦੀ ਸਾਜਨਾ ਕੀਤੀ, ਫਿਰ ਤੇਰੇ ਅੰਦਰ ਆਪਣੀ ਜੋਤਿ ਰਖੀ ਤਾਂ ਤੂੰ ਜਗਤ ਵਿਚ ਜਨਮ ਲਿਆ ॥ (ਦੋਹਰਾਂਉਂਦੇ ਹਨ) ਪ੍ਰਮਾਤਮਾ ਨੇ ਤੇਰੇ ਵਿਚ (ਆਪਣੀ ਜੋਤਿ ਰਖੀ, ਤਾਂ ਤੂੰ ਜਗ ਵਿਚ ਆਇਆ ॥

ਪ੍ਰਭੂ ਨੇਂ ਇਹ ਕਦੋਂ ਕੀਤਾ ? ਸਾਹਿਬ ਆਖਦੇ ਹਨ : ਜਦੋਂ ਪ੍ਰਮਾਤਮਾ ਨੇ ਇਸ ਜਗ ਦੀ ਰਚਨਾ ਦਾ ਮੁਢ ਬੰਨ੍ਹਿਆ, (ਅਤੇ ਜੀਵ ਪੈਦਾ ਕੀਤੇ) ਤਦ ਆਪਣੀ ਜੋਤਿ ਵਿਚ ਰਖਕੇ ਹੇ ਜੀਵ, ਤੈਨੂੰ ਜਨਮ ਦਿਤਾ ॥

ਸਿਖ ਧਰਮ ਦੀ ਇਹ ਮੁਢਲੀ ਸਿਖਿਆ ਹੈ, ਕਿ ਜੀਵ ਪ੍ਰਮਾਤਮਾ ਦੀ ਜੋਤਿ ਦੀ ਕਿਰਣ ਲੈਕੇ ਜਨਮ ਲੈਂਦਾ ਹੈ॥ ਮਕਸਦ ਇਹ ਹੈ, ਕਿ ਉਸ ਪ੍ਰਮਾਤਮਾ ਦੇ ਮਾਰਗ ਉਤੇ ਚਲਦਿਆਂ ਹੋਇਆਂ, ਅੰਤ ਨੂੰ ਉਸ ਜੋਤਿ ਨੂੰ ਰੱਬੀ ਜੋਤਿ ਵਿਚ ਮਿਲਾ ਦੇਵੇ॥ ਇਸ ਕਾਰਜ ਦੀ ਪ੍ਰਾਪਤੀ ਲਈ ਰਹਿਰਾਸ ਸਾਹਿਬ ਵਿਚ ਅਤੇ ਜਪੁਜੀ ਸਾਹਿਬ ਵਿਚ ਚੁਣੌਤੀ ਦਿਤੀ ਹੈ, ਅਤੇ ਸਾਧਨ ਦਸੇ ਹਨ ॥ ਸਾਰੀ ਗੁਰਬਾਣੀ ਇਸ

ਦੀ ਵਿਆਖਿਆ ਕਰਦੀ ਹੈ, ਅਤੇ ਗੁਰੂ ਅਰਜਨ ਦੇਵ ਜੀ ਨੇ ਮੁੰਦਾਵਣੀ ਵਿਚ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਰਚਨਾ ਭੀ ਇਸੇ ਮੰਤਵ ਦੀ ਪੂਰਤੀ ਹਿਤ ਕੀਤੀ ਦਸਿਆ ਹੈ ॥

ਸਲੋਕ ਮਹਲਾ : ੯

ਹਰਿ ਜਨ ਹਰਿ ਅੰਤਰ ਨਹੀ, ਨਾਨਕ ਸਾਚੀ ਮਾਨੁ ॥ ਪੰਨਾ ੧੪੨੮

(ਪਰਮਾਤਮਾ ਵਿਚ ਅਤੇ ਪਰਮਾਤਮਾ ਦੇ ਸੇਵਕਾਂ ਵਿਚ ਕੋਈ ਫਰਕ ਨਹੀਂ ਹੈ)

ਗੁਰ ਬਾਣੀ

ਗੁਰਬਾਣੀ ਸਿਖ ਗੁਰੂ ਸਾਹਿਬਾਨ ਦੀ ਆਪਣੀ ਉਚਾਰੀ ਹੋਈ ਅਤੇ ਹਥ ਲਿਖਤ original ਹੈ ॥ ਕਿਸੇ ਪੈਰੋਕਾਰਾਂ ਦੀ ਬਾਦ ਵਿਚ ਲਿਖੀ ਹੋਈ ਨਹੀਂ ਹੈ ॥

ਮਾਰੂ ਮਹਲਾ : ੧ (ਸੋਲਹੇ)

ਵਾਚਹਿ ਪੁਸਤਕ ਵੇਦ ਪੁਰਾਨਾਂ, ਇਕ ਬਹਿ ਸੁਨਹਿ ਸੁਨਾਵਹਿ ਕਾਨਾਂ ॥
ਅਜਗਰ ਕਪਾਟ ਕਹਹੁ ਕਿਉਂ ਖੁਲੇ, ਬਿਨ ਸਤਿਗੁਰੁ ਤਤੁ ਨ ਪਾਇਆ ॥੧੧॥
ਕਰਹਿ ਬਿਭੂਤਿ ਲਗਾਵਹਿ ਭਸਮੈ, ਅੰਤਰਿ ਕ੍ਰੋਧ ਚੰਡਾਲ ਸੁ ਹਉਮੈ ॥
ਪਾਖੰਡ ਕੀਨੇ ਜੋਗੁ ਨ ਪਾਈਐ, ਬਿਨੁ ਸਤਿਗੁਰੁ ਅਲਖੁ ਨਾ ਪਾਇਆ ॥੧੨॥
ਤੀਰਥ ਵਰਤ ਨੇਮ ਕਰਹਿ ਉਦਿਆਨਾ (ਬਣਵਾਸ)
ਜਤੁ ਸਤੁ ਸੰਜਮੁ ਕਥਹਿ ਗਿਆਨਾ ॥ ਰਾਮ ਨਾਮ ਬਿਨੁ ਕਿਉ ਸੁਖੁ ਪਾਈਐ,
ਬਿਨ ਸਤਿਗੁਰ ਭਰਮੁ ਨ ਜਾਇਆ ॥ ੧੩॥
ਨਿਉਲੀ ਕਰਮ ਭੁਇਅੰਗਮ ਭਾਨੀ ॥ ਰੇਚਕ ਕੁੰਭਕ ਪੂਰਕ ਮਨ ਹਾਨੀ ॥
ਪਾਖੰਡੁ ਧਰਮੁ ਪ੍ਰੀਤਿ ਨਹੀਂ ਹਰਿ ਸਉ, ਗੁਰ ਸਬਦ ਮਹਾ ਰਸੁ ਪਾਇਆ ॥੧੪॥
ਕੁਦਰਤਿ ਦੇਖਿ ਰਹੇ ਮਨੁ ਮਾਨਿਆ, ਗੁਰ ਸਬਦੀ ਸਭੁ ਬ੍ਰਹਮੁ ਪਛਾਨਿਆ ॥
ਨਾਨਕ ਆਤਮ ਰਾਮੁ ਸਬਾਇਆ, ਗੁਰ ਸਤਿਗੁਰ ਅਲਖੁ ਲਖਾਇਆ ॥੧੫॥ ਪੰਨਾ ੧੦੪੩

"ਗੁਰ ਪ੍ਰਸਾਦਿ" ਗੁਰਬਾਣੀ ਰਾਹੀਂ ਪ੍ਰਵਿਰਤ ਕੀਤਾ ਹੈ, ਇਸ ਲਈ ਬਾਣੀ ਦੀ ਮਹਤਤਾ ਇਸ ਤਰ੍ਹਾਂ ਦੱਸੀ ਹੈ : -

ਰਾਮਕਲੀ ਮਹਲਾ : ੩ (ਅਨੰਦ ਸਾਹਿਬ)

ਆਵਹੁ ਸਿੱਖ ਸਤਿਗੁਰੂ ਕੇ ਪਿਆਰਿਹੋ, ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ, ਬਾਣੀਆਂ ਸਿਰਿ ਬਾਣੀ ॥ ਪੰਨਾ ੯੨੦

ਮਹਲਾ : ੪ (ਵਾਰ ਗਉੜੀ ੧)

ਸਤਿਗੁਰ ਕੀ ਬਾਣੀ ਸਤਿ ਸਤਿ ਕਰ ਜਾਣਹੁ ਗੁਰ ਸਿਖਹੁ ॥ ਹਰਿ ਕਰਤਾ ਆਪਿ ਮੁਹਹੁ ਕਢਾਏ ॥
ਪੰਨਾ ੩੦੮

ਨਟ ਮਹਲਾ : ੪ (ਅਸਟਪਦੀ)

ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥ ੫॥ ਪੰਨਾ ੯੮੨
ਸਿਖੀ ਸਿਖਿਆ ਗੁਰ ਵੀਚਾਰਿ, ਨਦਰੀ ਕਰਮਿ ਲਘਾਏ ਪਾਰਿ ॥......... ਪੰਨਾ ੪੬੫

(ਗੁਰਮਤਿ ਦੀ ਇਹ ਮੂਲ ਸਿਖਿਆ ਹੈ, ਕਿ ਸੰਸਾਰ ਤੋਂ ਪਾਰ ਉਤਾਰਾ ਕਰਨ ਦੀ ਸੰਭਾਵਨਾ ਸਿਰਫ ਗੁਰਪ੍ਰਸਾਦਿ ਦੇ ਰਾਹੀਂ ਹੀ ਹੈ ॥)

ਸਾਹਿਬਾਂ ਦੀ ਬਾਰ ਬਾਰ ਇਹ ਚੇਤਾਵਨੀ ਹੈ, ਕਿ ਗੁਰਬਾਣੀ ਨੂੰ ਸ਼ੁਧ ਲਿਖਿਆ ਅਤੇ ਪੜ੍ਹਿਆ ਜਾਵੇ ॥ ਤੋਤੇ ਵਾਂਗ ਬਾਣੀ ਦਾ ਰਟਣ-ਕਰਨ ਦੀ ਬਜਾਇ, ਧਿਆਨ ਨਾਲ ਅਰਥ ਸਮਝੇ ਜਾਣ ਅਤੇ ਸਾਰੀ ਸਿਖਿਆ ਨੂੰ ਵੀਚਾਰ ਕਰਕੇ, ਉਸ ਉਪਰ ਅਮਲ ਕੀਤਾ ਜਾਵੇ ॥ ਵਿਚਾਰ ਕਰਨ ਵਾਲੇ ਦੇ ਮਨ ਵਿਚ, ਸੁਭਾਵਕ ਹੀ ਕਈ ਸ਼ੰਕੇ ਉਤਪਨ ਹੋ ਜਾਂਦੇ ਹਨ ॥ ਇਨ੍ਹਾਂ ਸ਼ੰਕਿਆਂ ਨੂੰ ਬਾਣੀ ਦੇ ਮੂਲ ਨੂੰ ਵਿਚਾਰਨ ਨਾਲ ਦੂਰ ਕੀਤਾ ਜਾ ਸਕਦਾ ਹੈ ॥ ਕਈ ਥਾਂਈਂ ਸਾਹਿਬਾਂ ਨੇਂ ਆਪ ਪ੍ਰਸ਼ਨ ਕਰਕੇ, ਨਾਲ ਹੀ ਉਤ੍ਰ ਭੀ ਦਸ ਦਿਤਾ ਹੁੰਦਾ ਹੈ:-

ਜਪਜੀ (ਪੌੜੀ ਪਹਿਲੀ)

ਸ:ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ?

ਜ:ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ ॥

ਸ (i) ਫੇਰਿ ਕਿ ਅਗੈ ਰਖੀਐ, ਜਿਤੁ ਦਿਸੈ ਦਰਬਾਰੁ ?

(ii) ਮੂਹੌ ਕਿ ਬੋਲਣ ਬੋਲੀਐ, ਜਿਤੁ ਸੁਣਿ ਧਰੈ ਪਿਆਰੁ ?

ਜ : ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥

ਰਾਮਕਲੀ ਓਅੰਕਾਰ (ਮਹਲਾ : ੧)

ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ ॥

ਇਹੁ ਬਾਣੀ ਮਹਾ ਪੁਰਖ ਕੀ, ਨਿਜ ਘਰਿ ਵਾਸਾ ਹੋਇ ॥ ਪੰਨਾ ੯੩੫

ਅਕਾਲ ਉਸਤਤੁ : ਪਾ ੧੦

ਬਿਨ ਬੂਝੈ ਕਰਮ ਕਮਾਵਣਾ, ਜਨਮੁ ਪਦਾਰਥ ਖੋਹਿ ॥ (ਦਸਮ ਗ੍ਰੰਥ)

(ਜਿਨ੍ਹਾਂ ਕੰਮਾਂ ਪਿਛੇ ਹੰਕਾਰ, ਖ਼ੁਦਗਰਜ਼ੀ, ਬੱਲੇ ਬੱਲੇ ਦੀ ਚਾਹ, ਚੌਧਰ, ਝੂਠ, ਕਾਮ ਜਾਂ ਲੋਭ ਹਨ, ਉਹ ਰੱਬੀ ਰਜ਼ਾ ਨਾਲ ਹੋਇ ਨਹੀਂ ਕਹੇ ਜਾ ਸਕਦੇ ॥ ਐਸੇ ਕੰਮ ਤਾਂ ਮਨੁਖਾ ਜਨਮ ਨੂੰ ਅਜਾਂਈਂ ਹੀ ਗੁਆਉਣ ਦਾ ਕਾਰਣ ਹਨ ॥)

ਰਾਮਕਲੀ ਮ : ੧

ਜਾ ਹਰਿ ਪ੍ਰਭਿ ਕਿਰਪਾ ਧਾਰੀ, ਤਾਂ ਹਉਮੈ ਵਿਚਹੁ ਮਾਰੀ ॥ ..... ਸੋ ਹਰਿ ਜਨੁ ਹਰਿ ਪ੍ਰਭਿ ਭਾਵੈ, ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ॥ ਲਾਜ ਛੋਡਿ ਹਰਿ ਕੇ ਗੁਣ ਗਾਵੈ ॥ ੧ ॥ ਪੰਨਾ ੮੭੯

ਇਕ ਖਿਆਲ ਆਮ ਪ੍ਰਚਾਲਤ ਹੈ, ਕਿ ਜੋ ਤਕਦੀਰ ਵਿਚ ਲਿਖਿਆ ਆਇਆ ਹੈ, ਉਹ ਹੋ ਕੇ

ਹੀ ਹਟੇਗਾ॥ ਕਿਸੇ ਢੰਗ ਨਾਲ ਭੀ ਉਸਨੂੰ ਮੇਟਿਆ ਨਹੀਂ ਜਾ ਸਕਦਾ ॥ ਪ੍ਰਮਾਣ ਵਜੋਂ ਕਿਹਾ ਜਾਂਦਾ ਹੈ : -

<u>ਵਡਹੰਸ ਮਹਲਾ : ੨</u>

ਬਾਬਾ ਨਾਂਗੜਾ ਆਇਆ ਜਗ ਮਹਿ, ਦੁਖੁ ਸੁਖੁ ਲੇਖੁ ਲਿਖਾਇਆ ॥
ਲਿਖਿਅੜਾ ਸਾਹਾ ਨ ਟਲੈ ਜਿਹੜਾ ਪੁਰਬਿ ਕਮਾਇਆ ॥ (ਪੰਨਾ ੫੮੨)

ਪਰ ਸਿਖ ਧਰਮ ਚੜ੍ਹਦੀ ਕਲਾ ਦਾ ਧਰਮ ਹੈ ॥ ਸਿਖ ਨੂੰ ਮਨਮਤ ਅਤੇ ਨਿਰਾਸ਼ਾਵਾਦੀ ਵਿਚਾਰਾਂ ਦਾ ਸ਼ਿਕਾਰ ਹੋਣ ਦੀ ਬਜਾਇ, ਐਸੇ ਕਰਮ ਕਰਨ ਦੀ ਹਲਾਸ਼ੇਰੀ ਦਿਤੀ ਹੈ, ਕਿ ਸੁਖਾਲੇ ਹੀ ਆਵਾਗਵਨ ਕਟਿਆ ਜਾਇ ॥ ਪ੍ਰਮਾਤਮਾ ਕਰਨ ਕਾਰਣ ਹਾਰ ਹੈ, ਜੋ ਬਣਾਉਂਦਾ ਹੈ, ਉਸ ਨੂੰ ਢਾਹ ਭੀ ਸਕਦਾ ਹੈ ॥ ਪ੍ਰਮਾਤਮਾ ਕਰਨ ਕਾਰਣ ਜੋ ਲਿਖਦਾ ਹੈ ਉਸਨੂੰ ਬਦਲ ਭੀ ਸਕਦਾ ਹੈ ॥ ਜੋ ਢਾਹੁੰਦਾ ਹੈ, ਉਸ ਨੂੰ ਉਸਾਰ ਭੀ ਸਕਦਾ ਹੈ ॥

<u>ਸਲੋਕ</u>

ਜਿਨੀ ਨਾਮ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥
(ਜਪੁਜੀ ਸਾਹਿਬ)

<u>ਬੈਰਾੜੀ ਮ : ੫</u>

ਸੰਤ ਜਨਾ ਮਿਲਿ ਹਰਿ ਜਸੁ ਗਾਇਓ ॥ ਕੋਟਿ ਜਨਮ ਕੇ ਦੂਖ ਗਵਾਇਓ ॥ (ਸਫਾ ੭੨੦)

<u>ਅਰਦਾਸ</u>

ਉਹ ਮਤ ਜੋ ਪ੍ਰਮਾਤਮਾਂ ਦੀ ਹੋਂਦ ਨੂੰ ਸਵੀਕਾਰਦੇ ਹਨ, ਉਨ੍ਹਾਂ ਦਾ ਪ੍ਰਮਾਤਮਾ ਦੇ ਦਰ ਉਤੇ ਅਰਦਾਸ ਕਰਨ ਦਾ ਆਪੋ ਆਪਣਾ ਤਰੀਕਾ ਹੁੰਦਾ ਹੈ ॥

ਯਾਹੂਦੀ ਮਤ ਵਿਚ ਸਿਰਫ ਮਰਦ ਇਕੱਲੇ ਹੀ ਪਾਠ ਕਰਦੇ ਹਨ ॥ ਜਦੋਂ ਤੋਹਰੇ ਦੇ ਦਰਸ਼ਨ ਕਰਾਏ ਜਾਂਦੇ ਹਨ, ਤਾਂ ਭੀ ਉਸਦਾ ਚੁੰਮਣ ਸਿਰਫ ਮਰਦ ਹੀ ਕਰਦੇ ਹਨ ॥

ਇਸਲਾਮ ਵਿਚ ਭੀ ਪੰਜੇ ਨਮਾਜ਼ਾਂ ਅਦਾ ਕਰਨ ਲਗੇ ਕਤਾਰਾਂ ਵਿਚ ਹੋ ਕੇ ਇਮਾਮ ਦੀ ਰਹਬਰੀ ਵਿਚ ਕਾਬੇ ਦੀ ਦਿਸ਼ਾ ਵਲ ਸਨਮੁਖ ਹੋਕੇ ਇਕੋ ਜਿਹੀ ਤਰਤੀਬ ਨਾਲ ਜਿਸਮ ਨੂੰ ਹਿਲਾਇਆ ਜੁਲਾਇਆ ਜਾਂਦਾ ਹੈ ॥ ਔਰਤਾਂ ਦੀ ਇਸ ਵਿਚ ਸ਼ਾਮਲ ਹੋਣ ਦੀ ਗੁੰਜਾਇਸ਼ ਨਹੀਂ ਹੈ ॥

ਈਸਾਈ ਮੱਤ ਵਿਚ ਗਿਰਜੇ ਵਿਚ ਬੈਠਕੇ ਪ੍ਰਵਾਰਿਕ ਤਰੀਕੇ ਨਾਲ ਪਾਦਰੀ ਦੀ ਰਹਬਰੀ ਹੇਠ congregational ਪਾਠ ਅਤੇ ਅਰਦਾਸ ਕੀਤੀ ਜਾਂਦੀ ਹੈ ॥ ਮਰਦਾਂ ਦੇ ਸਿਰ ਨੰਗੇ, ਅਤੇ ਔਰਤਾਂ ਦੇ ਢਕੇ ਹੋਏ ਹੁੰਦੇ ਹਨ ॥

ਸਿਖ ਧਰਮ ਵਿਚ ਅਰਦਾਸ ਪ੍ਰਵਾਰਿਕ ਜਾਂ ਸੰਗਤੀ (congregational) ਹੁੰਦੀ ਹੈ ॥ ਸਿਖ ਮੱਤ ਨੇਂ "ਸਿਮਰਨ" ਨੂੰ ਬਹੁਤ ਮਹੱਤਤਾ ਦਿਤੀ ਹੈ ॥ ਗੁਰਬਾਣੀ ਦਾ ਹਰੇਕ ਸ਼ਬਦ ਪ੍ਰਮਾਤਮਾ ਦੀ ਕਰਤੇ ਵਾਲੀ, ਕਿਰਪਾਲੂ, ਸਰਬ ਪਾਲਕ, ਅਤੇ ਸਦਾ ਸਹਾਈ ਦਾਤਾਰ ਹੋਂਦ ਨੂੰ ਦਰਸਾਇਆ ਹੈ ॥ ਸਾਰੀ ਕਾਇਨਾਤ ਦਾ ਉਹ ਸਾਜਣਹਾਰ ਅਤੇ ਰਖਿਯਕ ਹੈ ॥ ਬਾਣੀ ਤੇ ਵੀਚਾਰ ਕਰਕੇ, ਦ੍ਰਿੜ੍ਹ ਵਿਸ਼ਵਾਸ ਨਾਲ ਉਸਦੀ ਸਿਮਰਨਾ ਕਰਨੀ, ਉਸਦੇ ਹੁਕਮ ਵਿਚ ਜੀਵਨ ਬਤੀਤ ਕਰਨਾ, ਇਹ ਹਰ ਸਿਖ ਨੂੰ ਖ਼ਾਸ ਹਿਦਾਇਤ ਹੈ ॥ ਸੰਗਤ ਦੇ ਵਿਚ ਸ਼ਾਮਲ ਹੋਕੇ ਉਸ ਪ੍ਰਭੂ ਦਾ ਜਸ ਗਾਉਣਾ ਅਤੇ ਸੁਣਨਾਂ

ਇਹ ਇਕ ਲਾਜ਼ਮੀ ਕਰਤਵਿਯ ਹੈ ॥ ਇਸ ਵਿਚ ਪ੍ਰਵਾਰਿਕ ਤੌਰ ਉਤੇ ਸ਼ਾਮਲ ਹੋਣਾ ਲਾਜ਼ਮੀ ਹੈ ॥ ਮਰਦ, ਔਰਤ, ਵੱਡੇ ਛੋਟੇ ਦਾ ਵਿਤਕਰਾ ਕੋਈ ਨਹੀਂ ॥ ਸਾਰੇ ਹੀ ਸਿਰ ਢਕਕੇ ਨੰਗੇ ਪੈਰੀਂ ਖਲੋਂਦੇ ਹਨ ॥

ਨਿਤਨੇਮ ਦੀ ਬਾਣੀ ਦਾ ਪਾਠ ਕਰਕੇ, ਅਤੇ ਹੋਰ ਅਨੇਕ ਕਾਰਜਾਂ ਦੀ ਨਿਰਵਿਘਨ ਪੂਰਤੀ ਲਈ, ਕੇਵਲ ਕਰਤਾਰ ਅੱਗੇ ਅਰਦਾਸ ਕਰਨੀ ਵਿਧਾਨ ਹੈ, ਅਤੇ ਅਰਦਾਸ ਕਰਨ ਵੇਲੇ ਦੋਵੇਂ ਹੱਥ ਜੋੜਕੇ ਖੜੇ ਹੋਣ ਦੀ ਆਗਯਾ ਹੈ, ਯਥਾ : -

ਭੈਰਉ ਮ : ੫

ਦੁਇ ਕਰ ਜੋਰਿ ਕਰੀ ਅਰਦਾਸਿ ॥ ਪੰਨਾ ੭੩੬

ਰਾਗ ਗਉੜੀ ਮਹਲਾ : ੫ (ਸੁਖਮਨੀ ਸਾਹਿਬ)

"ਤੂੰ ਠਾਕੁਰ ਤੁਮ ਪਹਿ ਅਰਦਾਸਿ ॥ ਜੀਉ ਪਿੰਡੁ ਸਭ ਤੇਰੀ ਰਾਸਿ ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥
ਕੋਇ ਨ ਜਾਨੈ ਤੁਮਰਾ ਅੰਤੁ ॥ ਊਚੇ ਤੇ ਊਚਾ ਭਗਵੰਤੁ ।
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥ ਤੁਮ ਤੇ ਹੋਇ ਸੁ ਆਗਿਆਕਾਰੀ ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥ ਨਾਨਕ ਦਾਸ ਸਦਾ ਕੁਰਬਾਨੀ ॥ ਪੰਨਾ ੨੬੮

ਅਰਦਾਸੀਆ ਬੋਲਦਾ ਹੈ ਅਤੇ ਸਾਰੀ ਸੰਗਤ ਇਕ ਮਨ ਇਕ ਚਿਤ ਹੋਕੇ ਚੁਪ ਚੁਪੀਤੇ ਹੀ ਸ਼ਮੂਲੀਅਤ ਕਰਦੀ ਹੈ ॥

ਸਭ ਤੋਂ ਪਹਿਲਾਂ ਉਨ੍ਹਾਂ ਦਸ ਗੁਰੂ ਸਾਹਿਬਾਨ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਂਦੀ ਹੈ, ਜਿਨ੍ਹਾਂ ਦੇ ਪ੍ਰਸਾਦਿ ਗੁਰਬਾਣੀ ਦੀ ਰਹਬਰੀ ਨਾਲ ਉਸ ੧ਓ ਵਾਲੇ ਕਰਤੇ ਦੀ ਸਿਮਰਨਾ ਕੀਤੀ ਹੈ ॥ ਫਿਰ ਗੁਰੂ ਗ੍ਰੰਥ ਸਾਹਿਬ ਦੀ ਅਜੋਕੀ ਅਤੇ ਸਦੀਵੀ ਗੁਰਤਾ ਨੂੰ ਪ੍ਰਮਾਣਤਾ ਦਿਤੀ ਜਾਂਦੀ ਹੈ ॥ ਪੰਜ ਪਿਆਰਿਆਂ ਅਤੇ ਚਾਰ ਸਾਹਿਬ ਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਂਦੀ ਹੈ ॥ ਫਿਰ ਪੰਥ ਦੀ ਖਾਤਰ ਕੁਰਬਾਨੀਆਂ ਦੇਣ ਵਾਲਿਆਂ ਨੂੰ ਅਤੇ ਉਨ੍ਹਾਂ ਜੋਧਿਆਂ ਨੂੰ ਜਿਨ੍ਹਾਂ ਨੇ ਆਪਣੇ ਗੁਰੂ ਤੋਂ ਬੇਮੁਖ ਹੋਕੇ ਫਿਰ ਬਖਸ਼ਸ਼ਾਂ ਹਾਸਲ ਕੀਤੀਆਂ ਸਨ, ਉਹਨਾ ਨੂੰ ਯਾਦ ਕੀਤਾ ਜਾਂਦਾ ਹੈ ॥ ਸਾਰੇ ਪੰਥ ਦੀ ਚੜ੍ਹਦੀ ਕਲਾ ਅਤੇ ਭਵਿਸ਼ ਨੂੰ ਵਾਹਿਗੁਰੂ ਦੇ ਹਜ਼ੂਰ ਸੌਂਪਕੇ ਖਾਲਸੇ ਦੀ ਮਤ ਉਚੀ ਅਤੇ ਮਤ ਦਾ ਰਾਖਾ ਅਕਾਲ ਪੁਰਖ ਮੰਨਿਆ ਜਾਂਦਾ ਹੈ ॥ ਉਪ੍ਰੰਤ ਨਿਜੀ ਬੇਨਤੀ ਕਰਕੇ ਸਰਬਤ ਦਾ ਭਲਾ ਲੋਚਣਾ ਇਹ ਹਰ ਸਿਖ ਦਾ ਕਿਰਦਾਰ ਹੈ ॥ ਸਿਖ ਧਰਮ ਦੇ ਵਿਚ ਕੋਈ ਪਰਇਸਟ ਸ਼੍ਰੇਣੀ ਨਹੀਂ ਹੈ ॥ ਹਰ ਕੋਈ ਸਿਖ ਮਰਦ ਜਾਂ ਔਰਤ ਗ੍ਰੰਥੀ ਵਜੋਂ ਧਾਰਮਕ ਕਾਰਜ ਨਿਭਾ ਸਕਦੇ ਹਨ ॥ ਅੰਤ ਵਿਚ ਨਾਨਕ ਨਾਮੁ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ ਦੀ ਅਰਜੋਈ ਕੀਤੀ ਜਾਂਦੀ ਹੈ ॥

ਵਿਆਹ ਸ਼ਾਦੀ

ਹਰ ਮੱਤ ਦੇ ਵਿਆਹ ਰਚਾਉਣ ਦੇ ਢੰਗ ਆਪੋ ਆਪਣੇ ਹਨ ॥

ਕਈਆਂ ਵਿਚ ਇਸਤ੍ਰੀ ਮਰਦ ਦੇ ਵਿਆਹ ਦਾ ਰਿਵਾਜ ਸਿਰਫ ਜੋੜੇ ਵਲੋਂ ਇਕ ਇਕਰਾਰਨਾਮੇਂ ਵਜੋਂ ਮਿਥਿਆ ਜਾਂਦਾ ਹੈ ॥ ਕਈਆਂ ਵਿਚ ਸੰਗਤ ਵਿਚ ਬੈਠਕੇ ਪਾਦਰੀ ਦੀ ਪ੍ਰਵਾਨਗੀ ਨਾਲ ਵਿਆਹ ਦੀ ਰਸਮ ਪੂਰੀ ਕੀਤੀ ਜਾਂਦੀ ਹੈ ॥ ਜਾਂ ਫਿਰ ਪੰਡਤ ਦੇ ਰਾਹੀਂ ਅਗਨੀ ਜਾਂ ਹੋਮ ਕਰਕੇ ਪੁਰਸ਼ ਅਤੇ ਇਸਤ੍ਰੀ ਨੂੰ ਸਤ ਜਾਂ ਹੋਰ ਪ੍ਰਮਾਣਤ ਵਾਰ ਘੁਮਾਇਆ ਜਾਂਦਾ ਹੈ॥ ਸਨੇਹੀਆਂ ਸੰਬੰਧੀਆਂ ਦੀ ਹਾਜਰੀ

ਲਾਜ਼ਮੀਂ ਹੈ ॥ ਕਈ ਜੋੜੇ ਸਰਕਾਰੀ ਕਾਨੂਨ ਅਨੁਸਾਰ ਬਣਾਏ ਤਰੀਕੇ ਨਾਲ ਵਿਆਹ ਰਜਿਸਟਰ ਕਰਾਕੇ ਪ੍ਰਸੰਨ ਹੋ ਜਾਂਦੇ ਹਨ ॥

ਸਿਖ ਧਰਮ ਵਿਚ ਸੂਹੀ ਮਹਲਾ ੪ ੯ (ਪੰਨਾ ੭੭੩) ਦੀਆਂ ਚਾਰ ਲਾਵਾਂ ਪੜ੍ਹੀਆਂ ਜਾਂਦੀਆਂ ਹਨ ॥ ਸੰਗਤ ਵਿਚ ਲੜਕੇ ਔਰ ਲੜਕੀ ਦੇ ਮਾਤਾ ਪਿਤਾ ਜਾਂ ਵਾਰਸ ਹਾਜ਼ਰ ਹੁੰਦੇ ਹਨ॥ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪ੍ਰਭੂ ਦੇ ਨਮਿਤ ਆਨੰਦ ਕਾਰਜ ਦੀ ਸਫਲਤਾ ਨਾਲ ਸੰਪੂਰਨਤਾ ਹਿਤ ਅਰਦਾਸ ਕੀਤੀ ਜਾਂਦੀ ਹੈ, ਜਿਸ ਵਿਚ ਲੜਕਾ, ਲੜਕੀ ਅਤੇ ਉਨ੍ਹਾਂ ਦੇ ਮਾਤਾ ਪਿਤਾ ਜਾਂ ਵਾਰਸ ਹੀ ਹਿੱਸਾ ਲੈਂਦੇ ਹਨ ॥ ਉਪ੍ਰੰਤ, ਲੜਕੀ ਦੇ ਪਿਤਾ ਜਾਂ ਵਾਰਸ ਇਕ ਪੱਲਾ ਫੜਾਉਂਦੇ ਹਨ, ਜਿਸਦਾ ਮਤਲਬ ਹੈ ਕਿ ਉਹ ਰਜ਼ਾਮੰਦੀ ਨਾਲ ਆਪਣੀ ਲੜਕੀ ਦਾ ਰਿਸ਼ਤਾ ਇਸ ਲੜਕੇ ਨਾਲ ਕਰਦੇ ਹਨ ॥ ਇਸ ਪੱਲੇ ਦਾ ਲੜ ਲਾਵਾਂ ਦੇ ਸ਼ੁਰੂ ਹੋਣ ਤੋਂ ਸੰਪੂਰਨ ਹੋਣ ਤਕ ਇਕ ਸਿਰਾ ਲੜਕੀ ਦੇ ਹਥ ਫੜਿਆ ਹੁੰਦਾ ਹੈ, ਅਤੇ ਦੂਸਰਾ ਲੜਕੇ ਦੇ॥ ਗ੍ਰੰਥੀ ਸਾਹਿਬ ਦੋਨਾਂ ਨੂੰ ਧਾਰਮਕ ਅਤੇ ਵਿਵਹਾਰਕ ਸਿਖਿਆ ਦਿੰਦੇ ਹਨ, ਫਿਰ ਲਾਵਾਂ ਸ਼ੁਰੂ ਹੁੰਦੀਆਂ ਹਨ ॥

ਪਹਿਲਾ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚੋ ਪੜ੍ਹਿਆ ਜਾਂਦਾ ਹੈ ਫਿਰ ਉਸੇ ਨੂੰ ਰਾਗੀ ਜਨ ਗਾਉਂਦੇ ਹਨ ॥ ਸ਼ਬਦ ਦੇ ਸ਼ੁਰੂ ਹੋਣ ਤੋਂ ਖਤਮ ਹੋਣ ਦੇ ਅਰਸੇ ਵਿਚ ਲੜਕਾ ਅਤੇ ਲੜਕੀ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ clock-wise ਪ੍ਰਕਰਮਾਂ ਕਰਦੇ ਹਨ (ਫੇਰੇ ਲੈਂਦੇ ਹਨ) ॥ ਆਪਣੀ ਜਗ੍ਹਾ ਤੇ ਪਹੁੰਚ ਕੇ ਨਿਮ੍ਰਤਾ ਨਾਲ ਮੱਥਾ ਟੇਕਦੇ ਹਨ ॥ ਇਸੇ ਤਰ੍ਹਾਂ ਚਾਰ ਲਾਂਵਾਂ ਪੜ੍ਹੀਆਂ ਅਤੇ ਸਮਾਪਤ ਕੀਤੀਆਂ ਜਾਂਦੀਆਂ ਹਨ ॥ ਚੌਥੀ ਲਾਂਵ ਦੀ ਪੂਰਤੀ ਉਤੇ ਵਿਵਾਹ ਹੋ ਗਿਆ ਮਿਥਿਆ ਜਾਂਦਾ ਹੈ ॥ ਅੰਤ ਵਿਚ ਪ੍ਰਮਾਤਮਾ ਦੇ ਹਜ਼ੂਰ ਸ਼ੁਕਰਾਨੇ ਵਜੋ ਅਤੇ ਮੁਬਾਰਕਬਾਦ ਦਾ ਇਜ਼ਹਾਰ ਕਰਦਿਆਂ, ਸ਼ਬਦ ਪੜ੍ਹਿਆ ਜਾਂਦਾ ਹੈ ॥

ਇਸ ਕਾਰਵਾਈ ਅਨੁਸਾਰ (੧) ਮਾਤਾ ਪਿਤਾ ਜਾਂ ਵਾਰਸਾਂ ਦੀ ਹਾਜ਼ਰੀ ਅਤੇ ਮਨਜ਼ੂਰੀ ਹੁੰਦੀ ਹੈ ॥ (੨) ਲੜਕਾ ਅਤੇ ਲੜਕੀ ਦੋਵੇਂ ਹੀ ਲਾਵਾਂ ਨੂੰ ਮਨਜ਼ੂਰ ਕਰਦੇ ਹਨ ॥ (੩) ਸਾਰੀ ਸੰਗਤ ਦੀ ਸ਼ਮੂਲੀਅਤ ਇਹ ਦਰਸਾਉਂਦੀ ਹੈ, ਕਿ ਇਹ ਵਿਆਹ ਇਕ ਘਰੋਗੀ ਕਾਰਜ ਹੀ ਨਹੀਂ ਹੈ, ਇਹ ਸਾਰੀ ਸੰਗਤ ਵਿਚ, ਇਕ public ਜ਼ਿਮੇਵਾਰੀ ਹੋਈ ਅਤੇ ਲਈ ਗਈ ਹੈ ॥ (੪) ਪ੍ਰਮਾਤਮਾ ਦੀ ਅਸ਼ੀਰਵਾਦ ਇਸਨੂੰ ਪ੍ਰਵਾਨਗੀ ਹੀ ਨਹੀਂ ਰੂਹਾਨੀ ਰੰਗਤ ਭੀ ਦਿੰਦੀ ਹੈ, ਅਤੇ ਵਿਆਹੁਤਾ ਜੀਵਨ ਦੀ ਪੂਰਤੀ ਲਈ ਉਸ ਸਿਰਜਣਹਾਰ ਦੀ ਸਦੀਵੀ ਓਟ ਦੀ ਤਵੱਕੋ ਸੁਭਾਵਕ ਹੀ ਹਾਸਲ ਹੁੰਦੀ ਹੈ ॥

ਸ੍ਰੀ ਗੁਰੂ ਗ੍ਰੰਥ ਸਾਹਿਬ

ਸਿਖ ਧਰਮ ਦਾ ਧਾਰਮਕ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਸਾਰੀ ਦੁਨੀਆ ਦੀਆਂ ਧਰਮ ਪੁਸਤਕਾਂ ਨਾਲੋਂ ਅਨੋਖਾ ਹੈ ॥ ਇਸ ਵਿਚ ਦਰਜ ਬਾਣੀ ਛਿਆਂ ਹੀ ਗੁਰੂ ਸਾਹਿਬਾਨ ਦੀ ਆਪਣੀ ਹਥ ਲਿਖਤ ਹੈ ॥ ਇਸ ਲਿਖਤ ਨੂੰ ਬਦਲਿਆ ਨਹੀਂ ਜਾ ਸਕਦਾ ॥ ਇਸ ਗ੍ਰੰਥ ਸਾਹਿਬ ਦਾ ਹਰ ਰੋਜ਼ ਪ੍ਰਕਾਸ਼ ਹੁੰਦਾ ਹੈ, ਅਤੇ ਰਾਤ ਨੂੰ ਸੁਖਾਸਨ ਕੀਤਾ ਜਾਂਦਾ ਹੈ ॥ ਇਸਦਾ ਉਤਨਾ ਹੀ ਆਦਰ ਅਤੇ ਮਾਣ ਕੀਤਾ ਜਾਂਦਾ ਹੈ, ਜਿਤਨਾ ਜੀਵਤ ਗੁਰੂ ਸਾਹਿਬਾਨ ਦਾ ਹੁੰਦਾ ਸੀ ॥ *ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ, (ਪੰਨਾ ੪੫੦)* ਅਨੁਸਾਰ ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ, ਉਹ ਗੁਰਦਵਾਰਾ ਹੈ ॥ ਗੁਰਦਵਾਰਾ ਰੁਕਾਵਟ ਅਤੇ ਵੰਡੀਆਂ ਦੀ ਦੀਵਾਰ ਨਹੀਂ ਹੁੰਦਾ, ਇਹ ਉਹ ਦਰਵਾਜ਼ਾ ਹੁੰਦਾ ਹੈ ਜਿਸ ਦੇ ਕਵਾੜ ਹਰ ਪ੍ਰਾਣੀ ਨੂੰ ਗੁਰਦਰਸ਼ਨ ਦਾ ਸੱਦਾ ਦਿੰਦੇ ਹਨ ॥ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਚਾਰ ਦਿਸ਼ਾਵਾਂ ਵਲ ਨੂੰ ਖੁਲਦੇ ਹੋਇ ਇਸੇ ਗਲ ਦੇ ਪ੍ਰਤੀਕ ਹਨ ॥ ਹਰ ਕੋਈ ਗੁਰੂ ਬਾਬੇ ਦੇ ਦਰਸ਼ਨ ਹੀ ਨਹੀਂ ਕਰ ਸਕਦਾ, ਇਸਦਾ ਪਾਠ ਸੁਣ ਅਤੇ ਕਰ ਸਕਦਾ ਹੈ ॥ ਸਿਖ ਧਰਮ ਪੁਕਾਰਕੇ ਕਹਿ ਰਿਹਾ ਹੈ : *ਮਾਨੁਸ ਕੀ ਜਾਤਿ ਸਭਿਹ ਏਕ ਹੀ ਪਹਿਚਾਨਬੋ ॥*

ਹੋਰ ਧਰਮਾਂ ਵਾਂਗ ਗੁਰੂ ਸਾਹਿਬਾਨ ਨੇ ਸਿਖਾਂ ਨੂੰ ਬਾਕੀ ਇਨਸਾਨਾਂ ਨਾਲੋਂ ਕੋਈ ਵਖਰੇ ਜੀਵ ਨਹੀਂ ਦਰਸਾਇਆ ॥ ਸਿਖਿਆ ਦਿਤੀ ਹੈ ਕਿ ਹਰ ਇਨਸਾਨ ਆਪਣੇ ਕਰਤਾ ਦੀ ਜੋਤਿ ਦੀ ਕਿਰਣ ਲੈਕੇ ਦੁਨੀਆ ਵਿਚ ਆਉਂਦਾ ਹੈ, ਅਤੇ ਆਵਾਗਵਨ ਤੋਂ ਛੁਟਕਾਰਾ ਪਾਵਣ ਦੇ ਸਾਧਨਾ ਦੀ ਪਾਲਣਾ ਕਰਦਾ ਹੋਇਆ, ਵਕਾਰਾਂ ਨੂੰ ਛਡਕੇ, ਹੁਕਮ ਮੰਨਦਾ ਹੋਇਆ, ਉਸ ਸਿਰਜਣਹਾਰ ਵਿਚ ਸਦਾ ਲਈ ਲੀਨ ਹੋ ਸਕਦਾ ਹੈ ॥ ਇਸ ਕਾਰਜ ਦੀ ਪੂਰਤੀ ਲਈ, ਪ੍ਰਮਾਤਮਾ ਨੇ ਇਨਸਾਨ ਨੂੰ ਸਾਰੀਆਂ ਲੋੜੀਂਦੀਆਂ ਕੈਫੀਅਤਾਂ ਮੁਹਈਆ ਕੀਤੀਆਂ ਹੋਈਆਂ ਹਨ ॥

ਗੁਰੂ ਗ੍ਰੰਥ ਸਾਹਿਬ ਕੋਈ ਗੁਰੂ ਸਾਹਿਬਾਨ ਦਾ ਜ਼ਿੰਦਗੀ ਨਾਮਾ ਨਹੀਂ ਹੈ, ਇਹ ਤਾਂ ਧੁਰੋਂ ਆਈ ਬਾਣੀ ਨੂੰ ਪ੍ਰਕਾਸ਼ਮਾਨ ਕਰਦਾ ਹੋਇਆ, ਇਕ ਅਨੋਖਾ ਗ੍ਰੰਥ ਹੈ, ਜਿਸ ਦੀ ਸਿਖਿਆ ਉਤੇ ਤੁਰਦਿਆਂ ਹੋਇਆਂ ਦੁਨੀਆ ਦੇ ਸਾਰੇ ਹੀ ਜੀਵ ਕਲਿਆਣਤਾ ਹਾਸਲ ਕਰ ਸਕਦੇ ਹਨ ॥ ਮੁੰਦਾਵਣੀ ਵਿਚ ਗੁਰੂ ਅਰਜਨ ਦੇਵ ਜੀ ਨੇਂ ਇਸ ਭੰਡਾਰ ਨੂੰ ਪ੍ਰਚਾਰਿਆ ਹੈ ॥

<u>ਮੁੰਦਾਵਣੀ ਮਹਲਾ : ੫</u>

ਥਾਲ ਵਿਚ ਤਿੰਨ ਵਸਤੂ ਪਇਓ ॥

ਸਤੁ ਸੰਤੋਖ ਵੀਚਾਰੋ, ਅੰਮ੍ਰਿਤ ਨਾਮ ਠਾਕੁਰ ਕਾ ਪਇਓ, ਜਿਸ ਕਾ ਸਭਸੁ ਅਧਾਰੋ ... (ਪੰਨਾ ੧੪੨੯)

ਸਿਖ ਧਰਮ ਵਿਚ ਨਾਂ ਕੋਈ ਕਿਆਮਤ ਦਾ ਦਿਨ ਹੈ, ਅਤੇ ਨਾਂ ਹੀ ਮੁਰਦਿਆਂ ਨੇ ਰੱਬ ਦੇ ਦੁਆਰੇ ਉਤੇ ਜਵਾਬ ਦੇਣ ਲਈ ਉਠਣਾ ਹੈ ॥ ਇਹ ਤਾਂ ਕਈ ਧਰਮ ਪ੍ਰਨਾਲੀਆਂ ਦੀ ਬੇ-ਬੁਨਿਆਦ ਲਾਗੂ ਕੀਤੀ ਹੋਈ ਰਵਾਇਤ ਹੈ ॥

ਪਰਮਾਤਮਾ ਦੀ ਬਰਾਬਰੀ, ਜਾਂ ਉਸਦੀ ਵਿਰੋਧਤਾ, ਯਹੂਦੀ, ਪਾਰਸੀ, ਈਸਾਈ ਅਤੇ ਇਸਲਾਮ ਧਰਮਾਂ ਵਿਚ ਸ਼ੈਤਾਨ ਦੀ ਰਾਹੀਂ ਮਿਥੀ ਗਈ ਹੈ ॥ ਜੈਨ ਅਤੇ ਬੁਧ ਅਵਤਾਰਾਂ ਨੂੰ; ਅਤੇ ਹਿੰਦੂ ਧਰਮ ਅਵਤਾਰਾਂ ਦੇ ਆਦਮ-ਰੂਪ ਵਿਚ ਪਰਮਾਤਮਾ ਨੂੰ ; ਅਤੇ ਈਸਾਈ ਮਤ, ਯਸੂ ਮਸੀਹ ਨੂੰ ਇਕ ਕੰਵਾਰੀ ਮਾਂ ਤੋਂ ਜਨਮਿਆ ਹੋਇਆ ਰੱਬ ਦਾ ਇਕਲੌਤਾ ਪੁੱਤਰ ਮੰਨਦੇ ਹਨ, ਅਤੇ ਇਨ੍ਹਾਂ ਨੂੰ ਪੂਜਦੇ ਹਨ ॥ ਸਿੱਖ ਧਰਮ ਪਰਮਾਤਮਾ ਦੀ ਨਿਰਗੁਣਤਾ ਅਤੇ ਸਰਗੁਣਤਾ ਨੂੰ ਮੰਨਦਾ ਹੈ, ਪਰ ਪਰਮਾਤਮਾ ਦਾ ਜਨਮ ਲੈ ਕੇ ਦੇਹ-ਧਾਰੀ ਹੋਣਾ ਨਹੀਂ ਕਬੂਲਦਾ ॥

ਜਗ ਰਚਨਾ ਨੂੰ, ਯਹੂਦੀ, ਪਾਰਸੀ, ਈਸਾਈ, ਇਸਲਾਮ ਅਤੇ ਸਿੱਖ ਧਰਮ, ਪਰਮਾਤਮਾ ਦੀ ਆਪਣੀ ਮੌਜੇ ਸ਼ਬਦ ਰਾਹੀਂ ਕੀਤੀ ਹੋਈ ਸਿਰਜਨਾ ਮਿਥਦੇ ਹਨ ॥ ਪਰ ਉਹ ਧਰਮ ਜਿਹੜੇ ਇਹ ਦਾਹਵਾ ਕਰਦੇ ਹਨ ਕਿ ਰੱਬ ਨੇ ਇਸ ਤਰ੍ਹਾਂ ਅਤੇ ਉਸ ਸਮੇਂ ਅੰਦਰ ਜਗ ਰਚਨਾ ਕੀਤੀ, ਸਿਖ ਧਰਮ ਆਖਦਾ ਹੈ, ਕਿ ਜਗਤ ਦੀ ਰਚਨਾ ਸਿਰਜਣਹਾਰ ਨੇ ਕਦੋਂ ਕੀਤੀ, ਅਤੇ ਕਿਸ ਪ੍ਰਕਾਰ, ਇਹ ਕੋਈ ਨਹੀਂ ਕਹਿ ਸਕਦਾ, ਕਰਤਾ ਆਪ ਹੀ ਜਾਣਦਾ ਹੈ ॥

ਕਵਣ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥ ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥ ....ਵਡਾ ਸਾਹਿਬ ਵਡੀ ਨਾਈ ਕੀਤਾ ਜਾ ਕਾ ਹੋਵੈ ॥ ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥ (ਜਪੁਜੀ ਸਾਹਿਬ)

ਹਿੰਦੂ ਧਰਮ, ਇਸ ਵਿਸ਼ੇ ਉਪਰ ਦੁਚਿਤੀ ਵਿਚ ਹੀ ਹੈ ॥

ਯਹੂਦੀ ਧਰਮ, ਮੂਸਾ ਨੂੰ ਯਾਹੋਵਾ ਦਾ ਥਾਪਿਆ ਹੋਇਆ ਮੁਰਸ਼ਿਦ ਮੰਨਦਾ ਹੈ ॥ ਪਾਰਸੀ ਰੱਬ

(ਔਹਰਾ ਮਜ਼ਦਾ) ਦੇ ਨਾਲ ਨਾਲ, ਅਹਿਰੇਮਾਨ ਨੂੰ ਭੀ ਮੰਨਦੇ ਹਨ ॥ ਇਸਲਾਮ ਵਿਚ ਰੱਬ ਦੀ ਹੋਂਦ ਨਿਰਸੰਦੇਹ ਹੈ ਪਰ ਉਸਦਾ ਆਖਰੀ ਰਸੂਲ ਸਿਰਫ ਮੁਹੰਮਦ ਹੀ ਹੈ ॥ ਚੂੰਕਿ ਜੈਨ ਅਤੇ ਬੁਧ ਧਰਮਾਂ ਵਿਚ ਪਰਮਾਤਮਾ ਦੀ ਮਨੌਤੀ ਨਹੀਂ ਹੈ, ਸੋ ਉਸਦਾ ਕੋਈ ਮੁਰਸ਼ਿਦ ਵੀ ਨਹੀਂ ॥ ਹਿੰਦੂ ਧਰਮ ਵਿਚ ਅਵਤਾਰਾਂ ਦਾ ਐਸਾ ਝਮੇਲਾ ਹੈ, ਕਿ ਇਕਾਈ ਵਾਲਾ ਰੱਬ ਤਾਂ ਲਭਦਾ ਹੀ ਨਹੀਂ ॥ ਜੇ ਕੋਈ ਲਭਦਾ ਵੀ ਹੈ, ਤਾਂ ਉਹ ਸਾਰੀ ਕਾਇਨਾਤ ਦਾ ਰੱਬ ਨਹੀਂ ਹੈ ॥ ਸਿੱਖ ਧਰਮ ਵਿਚ ਨਾ ਸਿਰਫ ਰੱਬ ਜੋਤਿ ਹੀ ਹੈ, ਉਹ ਸੈਭੰ ਹੈ, ਅਤੇ ਉਸਨੇ ਆਪਣੀ ਜੋਤਿ ਦੀ ਕਿਰਣ ਹਰ ਜੀਵ ਨੂੰ ਅਰਪਨ ਕੀਤੀ ਹੋਈ ਹੈ ॥

ਇਨਸਾਨ ਦੇ ਹਜ਼ਾਰਾਂ ਸਦੀਆਂ ਦੇ ਇਤਿਹਾਸ ਤੋਂ ਜ਼ਾਹਰ ਹੈ, ਕਿ ਰੋਜ਼ੇ (ਬਰਤ) ਅਤੇ ਤਯਾਗ ਬੰਦੇ ਦੀ ਧਾਰਮਿਕ ਅਤੇ ਸੰਸਾਰਕ ਬਿਹਤਰੀ ਅਥਵਾ ਬਹਿਬੂਦੀ ਲਈ ਜ਼ਰੂਰੀ ਕਰਤਵਯ ਸਮਝੇ ਜਾਂਦੇ ਰਹੇ ਹਨ ॥ ਪਰ ਹਰ ਸਮੇਂ ਅੰਦਰ ਵਗਿਯਾਨਕ ਅਤੇ ਬੁਧੀਜੀਵਾਂ ਲਈ ਇਹ ਇਕ ਵੱਡਾ ਪ੍ਰਸ਼ਨ ਬਣਿਆ ਰਿਹਾ ਹੈ ॥ ਯਹੂਦੀ, ਈਸਾਈ, ਇੰਸਲਾਮ ਅਤੇ ਹਿੰਦੂ ਧਰਮ ਰੋਜ਼ਿਆਂ ਅਤੇ ਬਰਤਾਂ ਦੇ ਹੱਕ ਵਿਚ ਰਹੇ ਹਨ॥ ਜੈਨ ਤਾਂ ਪੱਕੀ ਤਰ੍ਹਾਂ ਵਰਤ ਰਖਦੇ ਹਨ, ਪਰ ਬੋਧੀ ਕੁਝ ਢਿੱਲੇ ਮੱਠੇ ਜਿਹੇ ਹੀ ॥ ਸਿੱਖ ਧਰਮ ਇਨ੍ਹਾਂ ਵਿਚ ਬਿਲਕੁਲ ਹੀ ਵਿਸ਼ਵਾਸ ਨਹੀਂ ਰੱਖਦਾ ॥

ਤਿਆਗ ਨੂੰ ਯਹੂਦੀ, ਪਾਰਸੀ, ਇਸਲਾਮ, ਜੈਨ ਅਤੇ ਸਿੱਖ ਧਰਮ ਨਹੀਂ ਮੰਨਦੇ ॥ ਪਰ ਈਸਾਈ, ਬੁਧ ਅਤੇ ਹਿੰਦੂ ਧਰਮ, ਇਸ ਨੂੰ ਮੰਨਦੇ ਹਨ ॥

ਉਪਰ ਦਿੱਤੇ ਗੁਰਬਾਣੀ ਦੇ ਪ੍ਰਮਾਣਾਂ ਤੋਂ ਇਹ ਸਪੱਸ਼ਟ ਹੁੰਦਾ ਹੈ, ਕਿ ਉਤਪਤੀ ਤੋਂ ਲੈ ਕੇ ਹੁਣ ਤਾਈਂ, ਜਿਹੜੇ ਵਿਕਾਸ ਕੁਦਰਤੀ ਤੌਰ ਤੇ ਮਾਨਵ ਅਵਸਥਾ ਵਿਚ ਆਉਂਦੇ ਰਹੇ ਹਨ, ਉਨ੍ਹਾਂ ਨੂੰ ਸਦਾਚਾਰਕ ਅਤੇ ਅਤਿਆਤਮਕ ਹੱਦਾਂ ਵਿਚ ਰੱਖਣ ਲਈ, ਸਾਰੇ ਹੀ ਧਾਰਮਕ ਆਗੂ ਅਤੇ ਬੁਧੀਜੀਵ ਆਪੋ ਆਪਣਾ ਤਾਣ ਲਗਾਉਂਦੇ ਚਲੇ ਆਏ ਹਨ ॥ ਜ਼ਰਤੁਸਤ ਮਤ ਸੀ, ਕਿ ਯਹੂਦੀ ॥ ਈਸਾਈ ਮਤ ਸੀ ਕਿ ਇਸਲਾਮ ॥ ਜੈਨ ਮਤ ਸੀ ਕਿ ਬੁਧ ॥ ਹਿੰਦੂ ਮਤ ਸੀ ਕਿ ਸਿੱਖ ॥ ਆਪੋ ਆਪਣੇ ਸਮੇਂ ਜਿਹੜੇ ਵੀ ਵਿਵਾਦ-ਵਿਸ਼ੇ ਜਾਂ ਧਰਮ-ਸੰਕਟ ਸਾਹਮਣੇ ਆਏ, ਉਸ ਸਮੇਂ ਦੇ ਧਾਰਮਕ ਅਤੇ ਸਮਾਜਕ ਆਗੂਆਂ ਨੇ ਲੁਕਾਈ ਨੂੰ ਉਨਾਂ ਦਾ ਵਾਜਬ ਹਲ ਦੱਸਿਆ ॥ ਮਾਇਆ-ਜਾਲ ਵਿਚ ਫਸਿਆ ਜੀਵ ਭਾਵੇਂ ਅੱਜ ਹੋਵੇ ਜਾਂ ਅੱਜ ਤੋਂ ਚਾਰ ਹਜ਼ਾਰ ਵਰ੍ਹੇ ਪਹਿਲਾਂ ਦਾ ਹੋਵੇ, ਸਮੱਸਿਆ ਉਹੋ ਹੀ ਹੈ, ਵਿਸ਼ੇਸ਼ਤਾਈ ਉਹੋ ਹੀ ਹੈ ॥

ਪੈਦਾਇਸ਼ ਤੋਂ ਯਸੂ ਮਸੀਹ ਯਹੂਦੀ ਸੀ, ਪਰ ਜੇ ਉਸਨੇ ਮੂਸਾ ਦੀਆਂ ਦੱਸੀਆਂ ਹੋਈਆਂ ਕੁਝਕੁ ਸਿੱਖਿਆਵਾਂ ਅਪਣਾ ਲਈਆਂ, ਤਾਂ ਇਸ ਨਾਲ ਉਹ ਯਹੂਦੀ ਨਾਂ ਬਣ ਗਿਆ॥ ਇਸੇ ਤਰ੍ਹਾਂ ਯਹੂਦੀਆਂ ਅਤੇ ਈਸਾਈਆਂ ਦੇ ਕੁਝ ਅਸੂਲ ਅਪਣਾ ਲੈਣ ਨਾਲ, ਮੁਸਲਮਾਨ ਈਸਾਈ ਅਥਵਾ ਯਹੂਦੀ ਨਾ ਹੋ ਗਏ ॥ ਤਾਂਤੇ ਇਹ ਕਥਨ ਨਿਆਂਪੂਰਵਿਕ ਹੋਵੇਗਾ, ਕਿ ਜੇ ਯਹੂਦੀ, ਈਸਾਈ, ਇਸਲਾਮ ਅਤੇ ਹਿੰਦੂ ਮਤ ਦੀਆਂ ਕੁਝ ਸਿੱਖਿਆਵਾਂ ਸਿੱਖ ਧਰਮ ਦੇ ਸਿਧਾਂਤਾਂ ਨਾਲ ਮਿਲਦੀਆਂ ਜੁਲਦੀਆਂ ਹੋਵਨ, ਤਾਂ ਸਿਰਫ਼ ਉਸ ਬਿਨਾ ਉਤੇ ਹੀ, ਇਹ ਕਹਿਣਾ ਗ਼ਲਤ ਹੋਵੇਗਾ ਕਿ ਸਿੱਖ ਧਰਮ ਇਨ੍ਹਾਂ ਧਰਮਾਂ ਦੀ ਸ਼ਾਖ਼ ਹੈ ॥ ਦੇਖਣਾ ਇਹ ਹੈ ਕਿ ਬੁਨਿਆਦੀ ਤੌਰ ਉਤੇ ਸਿਖ ਧਰਮ ਦੇ ਅਸੂਲ ਉਸਦੇ ਆਪਣੇ ਹੀ ਹਨ, ਅਤੇ ਉਨ੍ਹਾਂ ਦੇ ਪਾਲਣੇ ਲਈ ਕਿਸੇ ਹੋਰ ਧਰਮ ਦੀ ਓਟ ਲੈਣ ਦੀ ਲੋੜ ਨਹੀਂ ਹੈ ॥

ਗੁਰਬਾਣੀ ਦੀ ਸਾਰੀ ਫਿਲਾਸਫੀ ਸਪੱਸ਼ਟ ਤੌਰ ਤੇ ਪੁਕਾਰ ਰਹੀ ਹੈ, ਕਿ ਸ੍ਰਿਸ਼ਟੀ ਦਾ ਕਰਤਾ ਸਿਰਫ ਇਕੋ ਹੀ ਹੈ; ਸਾਰੀ ਸ੍ਰਿਸ਼ਟੀ, ਜੀਵ ਅਤੇ ਕਾਇਨਾਤ ਉਸੇ ਦੀ ਹੀ ਸਿਰਜਨਾ ਹੈ ॥ ਸਭ ਕੁਝ ਅਤੇ ਸਭ ਕੋਈ ਉਸੇ ਇਕ ਦੇ ਹੁਕਮ ਵਿਚ ਹਨ ॥ ਪਰਮਾਤਮਾ ਨਿਰਗੁਣ ਭੀ ਹੈ ਅਤੇ ਸਰਗੁਣ ਭੀ

॥ ਉਹ ਕਰਨ-ਕਾਰਨ ਹਾਰ ਹੈ ॥ ਕਿਰਪਾਲੂ ਹੈ ਅਤੇ ਸ਼ਰਨ ਆਏ ਨੂੰ ਕੰਠ ਲਾਉਂਦਾ ਹੈ ॥ ਜੀਵ ਉਸ ਰੱਬੀ ਜੋਤ ਦੀ ਕਿਰਨ ਨਾਲ ਲੈ ਕੇ ਆਉਂਦਾ ਹੈ, ਅਤੇ ਪ੍ਰਭੂ ਨੇ ਜੀਵ ਨੂੰ ਇਹ ਉਤਮਤਾ-ਭਰੀ ਮਨੁੱਖਾ ਦੇਹੀ ਦੀ ਬਖਸ਼ਸ਼ ਇਸ ਲਈ ਕੀਤੀ ਹੈ, ਤਾਂ ਜੁ ਚਾਰ ਖੰਡਾਂ ਦਾ ਅਭਿਆਸ ਕਰਦਾ ਹੋਇਆ, ਓਹ ਸਚ ਖੰਡ ਦੀ ਮੰਜ਼ਲ ਤੇ ਪਹੁੰਚ ਜਾਵੇ ਅਤੇ ਆਵਾ-ਗਵਣ ਤੋਂ ਸਦੀਵੀ ਛੁਟਕਾਰਾ ਪਾ ਲਵੇ :

ਮਾਝ ਮਹਾਲ : ੫

ਪ੍ਰਭ ਮਿਲਣੈ ਕੀ ਇਹ ਨੀਸਾਣੀ, ਮਨਿ ਇਕੋ ਸਚਾ, ਹੁਕਮੁ ਪਛਾਣੀ ॥
ਸਹਿਜ ਸੰਤ ਮੁਖਿ ਸਦਾ ਤ੍ਰਿਪਤਾਸੇ, ਅਨਦੁ ਖਸਮ ਕੈ ਭਾਣੈ ਜੀਉ ॥ ਪੰਨਾ ੧੦੬

ਇਕ ਪ੍ਰਸਿਧ ਮੁਸਲਿਮ ਕਵੀ ਪੁਛਦਾ ਹੈ .... "ਯਾ ਵੋਹ ਜਗ੍ਹਿ ਬਤਾ ਦੇ, ਜਿਸ ਜਾ ਖੁਦਾ ਨਹੀਂ ਹੈ ?" ਇਸ ਸਵਾਲ ਤੋਂ ਚੋਖਾ ਸਮਾਂ ਪਹਿਲਾਂ, ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਦਿਆਂ, ਗੁਰੂ ਅਰਜਨ ਦੇਵਜੀ ਨੇਂ ਇਸਦੇ ਦਰਵਾਜ਼ੇ ਚਾਰ ਥਿਤਾਂ ਵਲ ਨੂੰ ਖੋਲ੍ਹੇ॥ ਪ੍ਰਮਾਤਮਾ ਦਾ ਕਿਆਮ ਕਿਸੇ ਇਕ ਥਿੱਤ ਵਲ ਨਹੀਂ ਹੈ, ਸਗੋਂ ਉਹ ਤਾਂ ਸਾਰੇ ਬ੍ਰਹਿਮੰਡ ਵਿਚ ਪ੍ਰਕਾਸ਼ਮਾਨ ਹੈ ॥ ਏਕ ਪਿਤਾ, ਏਕਸ ਕੇ ਹਮ ਬਾਰਿਕ, ਦੇ ਗੁਰ-ਵਾਕ ਅਨੁਸਾਰ ਪੰਚਮ ਪਾਤਸ਼ਾਹ ਨੇ ਇਸ ਸ਼੍ਰੋਮਣੀ ਧਰਮ-ਅਸਥਾਨ ਦੀ ਨੀਹੁੰ ਭੀ ਇਕ ਖੁਦਾ-ਰਸੀਦ ਮੁਸਲਮਾਨ ਫਕੀਰ ਪਾਸੋਂ ਰਖਵਾਈ ॥ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਧਾਰਮਕ ਸਿਖਿਆ ਉਤੇ ਪਰਖਿਆਂ, ਇਹ ਪ੍ਰੀਖਿਆ ਪੂਰੀ ਉਤਰਦੀ ਹੈ ॥ ਹਰ ਸਮੇਂ, ਜਦੋਂ ਸਿਖ ਪ੍ਰਮਾਤਮਾ ਦੇ ਦਰ ਉਤੇ ਅਰਦਾਸ ਕਰਦਾ ਹੈ, ਤਾਂ ਸਰਬੱਤ ਦਾ ਭਲਾ ਲੋਚਦਾ ਹੈ ॥ ਇਹ ਪ੍ਰਤੱਖ ਪ੍ਰਮਾਣ ਹਨ, ਕਿ ਸਿਖ ਧਰਮ ਦੇ ਪੈਰੋਕਾਰਾਂ ਨੇਂ ਮਾਨੁਸ ਕੀ ਜਾਤਿ ਦੇ ਅਸੂਲ ਨੂੰ ਆਪਣੇ ਜੀਵਣ-ਕਰਮਾਂ ਵਿਚ ਪੂਰੀ ਤਰ੍ਹਾਂ ਸਮਾਂ ਲਿਆ ਹੋਇਆ ਹੈ ॥ ਸਿਖ ਦੇ ਜਨਮ ਤੋਂ ਲੈਕੇ ਮਰਨ ਤਕ ਦੇ ਸਾਰੇ ਹੀ ਜ਼ਰੂਰੀ ਸੰਸਾਰਕ ਕਾਰਜਾਂ ਲਈ ਮਰਿਆਦਾ ਭੀ ਨੀਅਤ ਹਨ, ਅਤੇ ਗੁਰਬਾਣੀ ਭੀ ਮੌਜੂਦ ਹੈ ॥ ਜੇ ਅਜੇ ਭੀ ਕੋਈ "ਮੈਂ ਨਾ ਮਾਨੂੰ " ਦੀ ਰਟ ਲਗਾਈ ਜਾਵੇ, ਅਤੇ ਆਖੀ ਜਾਵੇ, ਕਿ ਸਿਖ ਧਰਮ ਵਿਚ ਸਿਧਾਂਤ ਜਾਂ ਫਲਸਫੇ ਵਜੋਂ ਬਿਲਕੁਲ ਕੁਝ ਭੀ ਨਵੀਨ ਨਹੀਂ ਹੈ, ਤਾਂ ਜਿਹੜੇ ਗੁਰਮਤ ਦੇ ਪ੍ਰਮਾਣ ਉਪਰ ਲਿਖੇ ਹਨ, ਉਨ੍ਹਾਂ ਦੀ ਲੋ ਵਿਚ ਦੂਸਰੇ ਧਰਮਾਂ ਦੇ ਬੁਨਿਆਦੀ ਅਸੂਲਾਂ ਦਾ ਮੁਕਾਬਲਾ ਕਰਕੇ ਆਪੇ ਹੀ ਪਰਖ ਕੀਤੀ ਜਾ ਸਕਦੀ ਹੈ :-

੧. ਦੁਨੀਆਂ ਵਿਚ ਮਾਇਆ ਦੀ ਵਾਸਤਵਿਕਤਾ ਅਤੇ ਅਵਾਸਤਵਿਕਤਾ ਦੋਵੇਂ ਹੀ ਸੰਯੋਜਿਤ ਹਨ ॥ ਸਿਖ ਧਰਮ ਨੇਂ ਪੂਰਾ ਨਿਰਣਾ ਕਰ ਦਿਤਾ ਹੈ ॥

੨. ਸਿਖ ਧਰਮ ਐਕਸ਼ਨ ਦੀ ਪ੍ਰੇਰਨਾ ਦਿੰਦਾ ਹੈ: ਕਰਤਾ ਦੇ ਦਰਬਾਰ ਵਿਚ ਜ਼ੁਲਮ ਅਤੇ ਅਨਿਆਯਿ ਨਹੀਂ ਹੈ ॥ ਪਰਮਾਤਮਾ ਦੇ ਪ੍ਰਸਾਦਿ, ਕਰਮ ਨਿਰਸੰਦੇਹ ਬਦਲ ਸਕਦਾ ਹੈ ॥

੩. ਸਿਖ ਧਰਮ ਦੇ ਫਲਸਫੇ ਅਨੁਸਾਰ, ਪਰਮਾਤਮਾ ਅਤੇ ਮਾਨੁਸ਼-ਜਾਤੀ ਦਾ ਆਤਮ ਸੰਬੰਧ ਅਟੁਟ ਹੈ॥ ਇਸ ਦੀ ਪ੍ਰਪੱਕਤਾ ਲਈ ਕਰਤੇ ਨੇਂ ਮਨੁਸ਼ ਨੂੰ ਸਾਰੇ ਜ਼ਰੂਰੀ ਸਾਧਨ ਪ੍ਰਦਾਨ ਕੀਤੇ ਹਨ ॥

੪. ਬਹੁਤਿਆਂ ਧਰਮਾਂ ਨੇ ਦੁਨੀਆ ਦੀ ਅੱਧੇ ਨਾਲੋਂ ਵਧੀਕ ਸੰਖਯਾ ਦੇ ਮਨਾਂ ਵਿਚ ਸ਼ੈਤਾਨ ਦੀ ਦਹਿਸ਼ਤ ਬਠਾਈ ਹੋਈ ਹੈ॥ ਸਿਖ ਗੁਰੂ ਸਾਹਿਬਾਨ ਨੇ ਅੰਤਮਤਾ ਨਾਲ ਕਿਹਾ ਹੈ, ਕਿ ਪਰਮਾਤਮਾ ਦਾ ਨਾਂ ਕੋਈ ਵੈਰੀ ਹੈ ਅਤੇ ਨਾ ਹੀ ਬਰਾਬਰਾ॥ ਉਹ ਤਾਂ ਸੈਭੰ ਹੈ ॥

੫. ਲੋਕਾਈ ਅੱਗੇ ਰੱਖੇ ਹੋਏ ਸੁਰਗ ਦੇ ਲਾਲਚ ਅਤੇ ਨਰਕ ਦੇ ਭੈ, ਵੀ ਸਿਖ ਗੁਰੂ ਸਾਹਿਬਾਨ ਨੇ ਦੂਰ ਕਰ ਦਿੱਤੇ ਹਨ ॥ ਹਜ਼ਾਰਾਂ ਸਾਲਾਂ ਦੇ ਦੱਬੇ ਹੋਏ ਮੁਰਦਿਆਂ ਨੂੰ ਹਿਸਾਬ ਦੇਣ ਵਾਲੀ ਗਲ ਭੀ ਮੁਕਾ ਦਿਤੀ ॥

੬. ਸਿਖ ਗੁਰੂ ਸਾਹਿਬਾਨ ਨੇਂ ਇਸ ਧਮਕੀ ਦਾ ਖੰਡਨ ਕੀਤਾ ਹੈ, ਕਿ ਜਿਹੜੇ ਬੰਦੇ ਕਿਸੇ ਇਕ ਧਰਮ ਪ੍ਰਨਾਲੀ ਵਿਚ ਨਹੀਂ ਹਨ, ਉਹ ਓਨਾ ਚਿਰ ਕਰਤੇ ਤਾਂਈਂ ਨਹੀਂ ਪਹੁੰਚ ਸਕਣਗੇ ਜਦੋਂ ਤਾਂਈਂ ਉਹ ਉਸ ਖਾਸ ਧਰਮ ਨੂੰ ਅਪਣਾ ਨਹੀਂ ਲੈਂਦੇ ॥

੭. ਸਿਖ ਗੁਰੂ ਸਾਹਿਬਾਨ ਨੇਂ ਹਰ ਇਨਸਾਨ ਨੂੰ ਬਰਾਬਰੀ ਦਾ ਹਕਦਾਰ ਹੀ ਨਹੀਂ, ਦਰ ਹਕੀਕਤ ਏਕ ਪਿਤਾ ਕੇ ਬਾਰਕ ਪੁਕਾਰਿਆ ਹੈ ॥

੮. ਸਿਖ ਧਰਮ, ਕਿਰਤ ਕਰਨ, ਅਤੇ ਵੰਡ ਛਕਣ ਉਤੇ ਜ਼ੋਰ ਦਿੰਦਾ ਹੈ ॥ ਕਿਰਤ ਉਹ ਨਹੀਂ ਜਿਹੜੀ ਸਿਰਫ ਕਹੀ ਜਾਂ ਤੇਸਾ ਮਾਰਕੇ ਹੀ ਕੀਤੀ ਜਾਂਦੀ ਹੋਵੇ ॥ ਹਕ ਹਲਾਲ ਦੀ ਕਮਾਈ ਕਿਰਤ ਹੈ ॥

੯. ਗੁਰੂ ਸਾਹਿਬਾਨ ਨੇਂ ਪ੍ਰਮਾਤਮਾਂ ਦੇ ਨਿਰਗੁਣ, ਅਤੇ ਸਰਗੁਣ ਸਰੂਪਾਂ ਨੂੰ ਨਿਖੇੜ ਕੇ ਦਸ ਦਿਤਾ ਹੈ ॥ ਬੰਦੇ ਨੂੰ ਪ੍ਰਮਾਤਮਾ ਉਪਰ ਦ੍ਰਿੜ੍ਹ ਵਿਸ਼ਵਾਸ ਰਖਣ ਦੀ ਸਮਝੂਣੀ ਬਾਰ ਬਾਰ ਦੁਹਰਾਈ ਹੈ, ਅਤੇ ਹਰ ਉਸ ਵਸਤ ਦੀ ਪ੍ਰਾਪਤੀ ਕਰਨ ਲਈ ਹਲੀਮੀ ਅਤੇ ਨਿਮ੍ਰਤਾ ਨਾਲ ਜੋਦੜੀ ਕਰਨ ਦੀ ਹਿਦਾਇਤ ਕੀਤੀ ਹੈ॥

<u>ਧੁਨਾਸਰੀ ਮ : ੫</u>
ਜੋ ਮਾਗੇ ਠਾਕਰ ਅਪਣੇ ਸੇ ਸੋਈ ਸੋਈ ਦੇਵੈ ॥

੧੦. ਮਾਇਆ ਦੇ ਜਾਲ ਵਿਚ ਫਸਿਆ ਹੋਇਆ, ਕਾਮ ਕ੍ਰੋਧ, ਲੋਭ, ਮੋਹ, ਅਤੇ ਹੰਕਾਰ ਦੀ ਜਿਲ੍ਹਣ ਵਿਚ ਹੁੰਦੇ ਹੋਏ ਨੂੰ ਭੀ, ਭਾਣਾ ਮੰਨਣ ਦੀ ਹਿੰਮਤ ਬਖਸ਼ੀ ਹੈ, ਅਤੇ ਸ੍ਰਿਸ਼ਟੀ ਦੀ ਬਿਹਤਰੀ ਅਤੇ ਬਹਿਬੂਦੀ ਵਿਚ ਪੂਰਾ ਹਿਸਾ ਪਾਉਂਦਿਆਂ ਹੋਇਆਂ, ਸਚਿਖੰਡ ਦੀ ਪ੍ਰਾਪਤੀ ਦੇ ਕਾਬਲ ਹੋਣ ਦੇ ਸਾਧਨ ਦਿਤੇ ਹਨ ॥

ਹੋਰ ਧਰਮ ਪ੍ਰਨਾਲੀਆਂ ਦਾ ਸੁਵੇਖਣ ਕਰਨ ਉਪ੍ਰੰਤ ਇਹ ਨਿਸਚੈ ਨਾਲ ਆਖਿਆ ਜਾ ਸਕਦਾ ਹੈ, ਕਿ ਸਿਖ ਧਰਮ ਇਕ ਨਿਰਮਲ, ਅਤੇ ਸੁਤੰਤ੍ਰ ਧਰਮ ਹੈ॥ ਇਸ ਦੀ ਵਿਸ਼ਾਲਤਾ ਇੱਨੀ ਹੈ, ਕਿ ਕਿਸੇ ਭੀ ਭੂਗੋਲਿਕ, ਨਸਲੀ, ਰੰਗ-ਰੂਪ, ਨਰ-ਮਾਦਾ ਜਾਂ ਬੋਲੀ ਵਗੈਰਾ ਦੇ ਭੇਦ-ਭਾਵ ਵਿਚ ਸੀਮਤ ਨਹੀਂ ਕੀਤਾ ਜਾ ਸਕਦਾ ॥ ਗੁਰੂ ਸਾਹਿਬਾਨ ਦੀ ਸਿਖਿਆ ਤੋਂ ਹਰ ਇਨਸਾਨ ਆਪਣੇ ਜੀਵਨ ਵਿਚ ਉਹ ਸੁਧਾਰ ਲਿਆ ਸਕਦਾ ਹੈ, ਜਿਸ ਨਾਲ ਅੰਤ ਵਿਚ ਉਸਦੇ ਆਵਾ-ਗਵਨ ਦਾ ਛੁਟਕਾਰਾ ਹੋ ਸਕੇ ॥

ਇਸ ਲਈ ਜ਼ਰੂਰੀ ਹੈ, ਕਿ ਹਰ ਉਹ ਵਿਅਕਤੀ ਜੋ ਗੁਰੂ ਨਾਨਕ ਨਾਮ ਲੇਵਾ ਹੈ, ਹਿੰਮਤ ਕਰਕੇ ਪਹਿਲਾਂ ਆਪ ਬਾਣੀ ਨੂੰ ਪੜ੍ਹਕੇ, ਸਮਝਕੇ ਅਤੇ ਇਸਦੇ ਮੁਢਲੇ ਅਸੂਲਾਂ ਨੂੰ ਆਪ ਗ੍ਰਹਿਣ ਕਰੇ ॥ ਫਿਰ ਪਕਿਆਈ ਨਾਲ, ਗੁਰਬਾਣੀ ਦੀ ਲੋ ਵਿਚ, ਆਪਣੇ ਰੋਜ਼ਾਨਾ ਜੀਵਣ ਦੇ ਹਰ ਪਹਿਲੂ ਨੂੰ ਗੁਰਮੁਖੀ ਸੇਧ ਦੇ ਕੇ ਐਸਾ ਢਾਲ ਲਵੇ ਕਿ ਹਰ ਪਾਸਿਉਂ ਮਾਇਆ ਦੇ ਜਾਲ ਨਾਲ ਘਿਰਿਆ ਹੋਇਆ ਹੋਣ ਤੇ ਭੀ "ਕਾਮ, ਕ੍ਰੋਧ, ਮੋਹ, ਲੋਭ, ਅਤੇ ਹੰਕਾਰ" ਦੀ ਗਰਿਫਤ ਤੋਂ ਬਚਿਆ ਰਹਿ ਸਕੇ ॥

ਗੁਰੂ ਸਾਹਿਬਾਨ ਨੇਂ ਨਿਧੱੜਕ ਹੋ ਕੇ ਐਲਾਨਿਆ ਹੈ, ਕਿ ਸਾਰੀ ਸ੍ਰਿਸ਼ਟ ਅਤੇ ਕਾਇਨਾਤ ਦਾ ਕਰਤਾ ਇਕ ਹੈ ॥ ਉਸੇ ਦੇ ਹੁਕਮ ਵਿਚ ਹਰ ਵਿਅਕਤੀ ਅਤੇ ਹਰ ਚੀਜ਼, ਵਿਚਰ ਰਹੀ ਹੈ ॥ ਹੁਣ : -

ਅਨਵਾਰੇ ਮਜ਼ਹਬ ਕੇ ਹਾਥ ਮੇਂ, ਸ਼ੱਮਾਂਏ ਧਰਮ ਰੌਸ਼ਨ ਹੈ ॥
ਰਾਹ ਮੇ ਬੁਝਾ ਦੇਤੇ ਹੈਂ, ਯਾ ਮੁਨੱਵਰ ਜਹਾਂ ਕਰਤੇ ਹੈਂ ?